ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 170 | Tuesday, August 30, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਬਰੈਂਪਟਨ ਵਿੱਚ ਹੋਈ ਲੜਾਈ ਵਿੱਚ ਚੱਲੀਆਂ ਤਲਵਾਰਾਂ

ਬਰੈਂਪਟਨ, 29 ਅਗਸਤ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਧੜਿਆਂ ਵਿਚਾਲੇ ਹੋਈ ਲੜਾਈ ਵਿੱਚ ਤਲਵਾਰਾਂ ਚੱਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਇਸ ਘਟਨਾ ਦੀਆਂ ਹੋਰ ਵੀਡੀਓਜ਼ ਦੀ ਭਾਲ ਕਰ ਰਹੀ ਹੈ।ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਹਿੰਸਕ ਘਟਨਾ ਸ਼ੈਰੀਡਨ ਕਾਲਜ ਦੇ ਡੇਵਿਸ ਕੈਂਪਸ ਨੇੜੇ ਮੈਕਲਾਫਲਿਨ ਰੋਡ ਤੇ ਸਟੀਲਜ਼ ਐਵਨਿਊ ਵੈਸਟ ਦੇ ਪਾਰਕਿੰਗ ਲੌਟ ਵਿੱਚ ਰਾਤੀਂ 1:30 ਵਜੇ ਦੇ ਨੇੜੇ ਤੇੜੇ ਵਾਪਰੀ। ਹਾਸਲ ਹੋਈ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਇੱਕ ਵਿਅਕਤੀ ਨੇ ਹੱਥ ਵਿੱਚ ਤਲਵਾਰ ਵਰਗੀ ਕੋਈ ਚੀਜ਼ ਫੜ੍ਹੀ ਹੋਈ ਹੈ ਤੇ ਉਹ ਉਸ ਨੂੰ ਹਵਾ ਵਿੱਚ ਲਹਿਰਾ ਰਿਹਾ ਹੈ।

ਪੀਲ ਰੀਜਨਲ ਪੁਲਿਸ ਦੇ ਬੁਲਾਰੇ ਨੇ ਆਖਿਆ ਕਿ ਸੋਸ਼ਲ ਮੀਡੀਆ ਉੱਤੇ ਸਰਕੂਲੇਟ ਹੋ ਰਹੀ ਇਸ ਤਰ੍ਹਾਂ ਦੀ ਵੀਡੀਓ



ਬਾਰੇ ਸਾਨੂੰ ਪਤਾ ਹੈ। ਉਨ੍ਹਾਂ ਆਖਿਆ ਕਿ ਜੇ ਕਿਸੇ ਵਿਅਕਤੀ ਕੋਲ ਇਸ ਸਬੰਧ ਵਿੱਚ ਕੋਈ ਹੋਰ ਫੁਟੇਜ ਜਾਂ ਜਾਣਕਾਰੀ ਹੈ ਤਾਂ ਉਹ ਸਾਨੂੰ ਸੰਪਰਕ ਕਰ ਸਕਦਾ ਹੈ।

ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਈ ਲੋਕ ਸ਼ਾਮਲ ਸਨ ਤੇ ਕਈਆਂ ਵੱਲੋਂ ਇੱਕ ਦੂਜੇ ਨੂੰ ਕੁੱਟਿਆ ਮਾਰਿਆ ਗਿਆ। ਉਨ੍ਹਾਂ ਆਖਿਆ ਕਿ ਇਸ ਝਗੜੇ ਕਾਰਨ ਕਈ ਲੋਕਾਂ ਨੂੰ ਸੱਟਾਂ ਵੀ ਲੱਗੀਆਂ ਹਨ ਪਰ ਉਹ ਜਾਨਲੇਵਾ ਨਹੀਂ ਹਨ।

## ਕੋਵਿਡ-19 ਦੀ ਬੂਸਟਰ ਡੋਜ਼ ਨੂੰ ਲੈ ਕੇ ਇੱਕ ਰਾਇ ਨਹੀਂ ਰੱਖਦੇ ਇਨਫੈਕਸ਼ੀਅਸ ਡਜ਼ੀਜ਼ ਮਾਹਿਰ

ਓਟਵਾ, 29 ਅਗਸ਼ਤ (ਪੋਸਟ ਬਿਊਰੋ) : ਵੈਸਟਰਨ ਯੂਨੀਵਰਸਿਟੀ ਵੱਲੋਂ ਆਪਣੇ ਸਟਾਫ ਤੇ ਵਿਦਿਆਰਥੀਆਂ ਲਈ ਬੂਸਟਰ ਦੀ ਡੋਜ਼ ਲਾਜ਼ਮੀ ਕੀਤੀ ਗਈ ਹੈ ਪਰ ਸਾਰੇ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਇਸ ਡੋਜ਼ ਦੇ ਫਾਇਦਿਆਂ ਨਾਲ ਇਤਫਾਕ ਨਹੀਂ ਰੱਖਦੇ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਬੂਸਟਰ ਡੋਜ਼ ਲਵਾਉਣ ਨਾਲ ਇਸ ਸਾਲ ਕੈਂਪਸ ਉੱਤੇ ਕੋਵਿਡ-19 ਫੈਲਣ ਦਾ ਖਤਰਾ ਘੱਟ ਰਹੇਗਾ।

ਮੈਕਮਾਸਟਰ ਯੂਨੀਵਰਸਿਟੀ ਦੀ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ. ਮਾਰਥਾ ਫੁਲਫੋਰਡ ਦਾ ਕਹਿਣਾ ਹੈ ਕਿ ਉਹ ਵੈਕਸੀਨ ਦੀ ਸਮੁੱਚੀ ਮੈਡੀਕਲ ਅਹਿਮੀਅਤ ਨੂੰ ਸਮਝਦੀ ਹੈ ਪਰ ਪਬਲਿਕ ਹੈਲਥ ਲਈ ਬੂਸਟਰ ਸ਼ੌਟਸ ਨੂੰ ਲਾਜ਼ਮੀ ਕੀਤੇ ਜਾਣ ਨਾਲ ਸਹਿਮਤ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਬੂਸਟਰ ਸ਼ੌਟ ਲਵਾਉਣਾ ਚਾਹੀਦਾ ਹੈ ਜਾਂ ਨਹੀਂ ਇਹ



ਫੈਸਲਾ ਹਰੇਕ ਵਿਅਕਤੀ ਦਾ ਨਿਜੀ ਮਾਮਲਾ ਹੋਣਾ ਚਾਹੀਦਾ ਹੈ। ਉਨ੍ਹਾਂ ਓਮਾਇਕ੍ਰੌਨ ਤੇ ਸਬ ਵੇਰੀਐਂਟਸ ਦੇ ਫੈਲਣ ਦਾ ਹਵਾਲਾ ਦਿੰਦਿਆਂ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਕੋਵਿਡ ਵੈਕਸੀਨਜ਼ ਇਸ ਨੂੰ ਅੱਗੇ ਫੈਲਣ ਤੋਂ ਨਹੀਂ ਰੋਕਦੀਆਂ।ਉਨ੍ਹਾਂ ਆਖਿਆ ਕਿ ਪਬਲਿਕ ਹੈਲਥ ਦੀ ਭਲਾਈ ਲਈ ਬੂਸਟਰ ਸ਼ੌਟ ਨੂੰ ਲਾਜ਼ਮੀ ਕੀਤੇ ਜਾਣ ਨਾਲ ਕੁੱਝ ਸੰਵਰਨ ਨਹੀਂ ਵਾਲਾ।

ਉਨ੍ਹਾਂ ਅੱਗੇ ਆਖਿਆ ਕਿ ਬਜ਼ੁਰਗਾਂ, ਇਮਿਊਨੋ ਕੰਪਰੋਮਾਈਜ਼ਡ ਵਿਅਕਤੀਆਂ ਲਈ ਬੂਸਟਰ ਸ਼ੌਟ ਲਾਹੇਵੰਦ ਹੋ ਸਕਦੇ ਹਨ ਪਰ ਜਿਨ੍ਹਾਂ ਨੌਜਵਾਨਾਂ ਨੇ ਪਹਿਲਾਂ ਹੀ ਦੋ ਡੋਜ਼ਾਂ ਲਵਾ ਲਈਆਂ ਹਨ ਜਾਂ ਜਿਹੜਾ ਕੋਵਿਡ-19 ਤੋਂ ਰਿਕਵਰ ਕਰ ਚੁੱਕਿਆ ਹੈ, ਉਸ ਲਈ ਇਸ ਤਰ੍ਹਾਂ ਬੂਸਟਰ ਡੋਜ਼ ਦੀ ਕੋਈ ਲੋੜ ਨਹੀਂ।

ਦੂਜੇ ਪਾਸੇ ਡਲਹਾਊਜ਼ੀ ਯੂਨੀਵਰਸਿਟੀ ਦੀ ਐਸੋਸਿਏਟ ਪ੍ਰੋਫੈਸਰ ਆਫ ਪੈਡੀਐਟ੍ਰਿਕਸ, ਕਮਿਊਨਿਟੀ ਹੈਲਥ ਐਂਡ ਐਪਿਡੇਮੋਲੋਜੀ ਕਰੀਨਾ ਟੌਪ ਨੇ ਆਖਿਆ ਕਿ ਉਹ ਇਨ੍ਹਾਂ ਬੂਸਟਰ ਡੋਜ਼ਾਂ ਦੀ ਹਮਾਇਤ ਕਰਦੀ ਹੈ।ਵੈਸਟਰਨ ਦੇ ਪ੍ਰੋਵੋਸਟ ਤੇ ਵਾਈਸ ਪ੍ਰੈਜ਼ੀਡੈਂਟ ਫਲੋਰੈਂਟਾਈਨ ਨੇ ਆਖਿਆ ਕਿ ਉਨ੍ਹਾਂ ਦੀ ਯੂਨੀਵਰਸਿਟੀ ਵੱਲੋਂ ਸਟਾਫ ਤੇ ਬੱਚਿਆਂ ਨੂੰ ਇਸ ਸਾਲ ਵੈਕਸੀਨ ਦੀ ਬੂਸਟਰ ਡੋਜ਼ ਦੇਣ ਦਾ ਫੈਸਲਾ ਬਹੁਤ ਸੋਚ ਵਿਚਾਰ ਤੋਂ ਬਾਅਦ ਤੇ ਮਾਹਿਰਾਂ ਦੀ ਰਾਇ ਅਨੁਸਾਰ ਹੀ ਲਿਆ ਗਿਆ ਹੈ।

## ਸਿਆਸਤਦਾਨਾਂ ਦੀ ਸਕਿਊਰਿਟੀ ਵਧਾਉਣ ਦੇ ਮੁੱਦੇ ਉੱਤੇ ਵਿਚਾਰ ਕਰ ਰਹੀ ਹੈ ਸਰਕਾਰ

ਓਟਵਾ, 29 ਅਗਸਤ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਦਾ ਕਹਿਣਾ ਹੈ ਕਿ ਸਿਆਸਤਦਾਨਾਂ ਦੀ ਸਕਿਊਰਿਟੀ ਵਧਾਉਣ ਦੇ ਮਾਮਲੇ ਉੱਤੇ ਸਰਕਾਰ ਵਿਚਾਰ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਕਈ ਸਿਆਸਤਦਾਨਾਂ ਨੂੰ ਜਿਵੇਂ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ ਜਾਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਉਹ ਜਮਹੂਰੀਅਤ ਨੂੰ ਖਤਰੇ ਤੋਂ ਇਲਾਵਾ ਕੁੱਝ ਨਹੀਂ।ਉਨ੍ਹਾਂ ਇਹ ਵੀ ਆਖਿਆ ਕਿ ਜਿਵੇਂ ਸਕਿਊਰਿਟੀ ਵਾਲੇ ਹਾਲਾਤ ਗੁੰਝਲਦਾਰ ਹੁੰਦੇ ਜਾ ਰਹੇ ਹਨ, ਅਜਿਹੇ ਵਿੱਚ ਤਾਪਮਾਨ ਨੂੰ ਥੋੜ੍ਹਾ ਘੱਟ ਕਰਨ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ ਅਲਬਰਟਾ ਵਿੱਚ ਡਿਪਟੀ ਪ੍ਰਧਾਨ ਮੰਤਰੀ



ਕ੍ਰਿਸਟੀਆ ਫਰੀਲੈਂਡ ਨੂੰ ਪਰੇਸ਼ਾਨ ਕੀਤੇ ਜਾਣ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਵੱਲੋਂ ਸਿਆਸਤਦਾਨਾਂ ਦੀ ਸਕਿਊਰਿਟੀ ਵਧਾਉਣ ਉੱਤੇ ਚਰਚਾ ਕੀਤੀ ਜਾ ਰਹੀ ਹੈ। ਇਸ ਵੀਡੀਓ ਵਿੱਚ ਇੱਕ ਵਿਅਕਤੀ ਗ੍ਰੈਂਡ ਪ੍ਰੇਰੀ, ਅਲਬਰਟਾ ਦੇ ਸਿਟੀ ਹਾਲ ਵਿੱਚ ਫਰੀਲੈਂਡ ਤੇ ਉਨ੍ਹਾਂ ਦੇ ਸਟਾਫ ਵੱਲੋਂ ਇੱਕ ਐਲੇਵੇਟਰ ਵਿੱਚ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੂੰ ਗਾਲਾਂ ਕੱਢਦਾ ਤੇ ਧਮਕੀਆਂ ਦਿੰਦਾ ਨਜ਼ਰ ਆ ਰਿਹਾ ਹੈ। ਮੈਂਡੀਸਿਨੋ ਨੇ ਆਖਿਆ ਕਿ ਮੰਤਰੀਆਂ ਨੂੰ ਇਸ ਤਰ੍ਹਾਂ ਤੰਗ ਪਰੇਸ਼ਾਨ ਕਰਨਾ ਤੇ ਧਮਕੀਆਂ ਦਿੱਤਾ ਜਾਣਾ ਪੱਖਪਾਤ ਵਾਲਾ ਮੁੱਦਾ ਨਹੀਂ ਹੈ। ਅਸੀਂ ਵੇਖ ਰਹੇ ਹਾਂ ਕਿ ਮਹਿਲਾਵਾਂ, ਹੋਰ ਨਸਲਾਂ ਨਾਲ ਸਬੰਧਤ ਕੈਨੇਡੀਅਨਜ਼ ਤੇ ਇੰਡੀਜੀਨਸ ਲੋਕਾਂ ਖਿਲਾਫ ਇਸ ਤਰ੍ਹਾਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਫਰੀਲੈਂਡ ਨਾਲ ਵਾਪਰੀ ਇਸ ਤਰ੍ਹਾਂ ਦੀ ਘਟਨਾ ਦੀ ਸਾਰੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਨਿੰਦਾ ਕੀਤੀ ਗਈ ਤੇ ਕਈਆਂ ਨੇ ਤਾਂ ਖੁਦ ਨਾਲ ਵਾਪਰੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਬਾਰੇ ਵੀ ਦੱਸਿਆ। ਇਸ ਦੌਰਾਨ ਮਨਿਸਟਰ ਆਫ ਵੂਮਨ ਐਂਡ ਜੈਂਡਰ ਇਕੁਆਲਿਟੀ ਮਾਰਸੀ ਲੇਨ ਨੇ ਆਖਿਆ ਕਿ ਇਹ ਸੱਭ ਸੱਚਮੁੱਚ ਵਾਪਰ ਰਿਹਾ ਹੈ ਤੇ ਉਨ੍ਹਾਂ ਆਖਿਆ ਕਿ ਉਹ ਪਹਿਲਾਂ ਜਰਨਲਿਸਟ ਸੀ ਤੇ ਫਿਰ ਸੱਤਾ ਵਿੱਚ ਆਈ। ਦੋਵਾਂ ਖੇਤਰਾਂ ਵਿੱਚ ਹੀ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਕਈ ਤਰ੍ਹਾਂ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ।ਮਨਿਸਟਰ ਆਫ ਫੈਮਿਲੀਜ਼, ਚਿਲਡਰਨ ਐਂਡ ਸੋਸ਼ਲ ਡਿਵੈਲਪਮੈਂਟ ਕਰੀਨਾ ਗੋਲਡ ਨੇ ਵੀ ਇਸ ਤਰ੍ਹਾਂ ਦੀਆਂ ਧਮਕੀਆਂ ਮਿਲਣ ਤੇ ਸਰਕਾਰ ਦੀ ਚਿੰਤਾ ਨੂੰ ਜਾਇਜ਼ ਦੱਸਿਆ।ਉਨ੍ਹਾਂ ਆਖਿਆ ਕਿ ਬੜੇ ਦੁਖ ਵਾਲੀ ਗੱਲ ਹੈ ਕਿ ਸਾਨੂੰ ਕੈਨੇਡਾ ਵਰਗੇ ਦੇਸ਼ ਵਿੱਚ ਇਸ ਤਰ੍ਹਾਂ ਦੇ ਮੁੱਦੇ ਉੱਤੇ ਗੱਲ ਕਰਨੀ ਪੈ ਰਹੀ ਹੈ। ਸਾਬਕਾ ਫਿਸ਼ਰੀਜ਼, ਓਸ਼ਨਜ਼ ਤੇ ਕੈਨੇਡੀਅਨ ਕੋਸਟ ਗਾਰਡ ਮੰਤਰੀ ਬਰਨਾਡੈਟ ਜੌਰਡਨ ਨੇ ਆਖਿਆ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਾਨੂੰ ਸਿਆਸਤਦਾਨਾਂ ਦੀ ਸਕਿਊਰਿਟੀ ਬਾਰੇ ਗੱਲ ਕਰਨੀ ਪੈ ਰਹੀ ਹੈ।

ਜ਼ਿਕਰਯੋਗ ਹੈ ਕਿ ਇਹ ਕੋਈ ਨਵਾਂ ਮੁੱਦਾ ਨਹੀਂ ਹੈ। ਪਿੱਛੇ ਜਿਹੇ ਹੋਈਆਂ ਫੈਡਰਲ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤੇ ਜਾ ਰਹੇ ਇੱਕ ਕੈਂਪੇਨ ਈਵੈਂਟ ਦੌਰਾਨ ਉਨ੍ਹਾਂ ਉੱਤੇ ਬੱਜਰੀ ਸੁੱਟੀ ਗਈ ਸੀ। ਐਨਡੀਪੀ ਆਗੂ ਜਗਮੀਤ ਸਿੰਘ ਉੱਤੇ ਵੀ ਓਨਟਾਰੀਓ ਚੋਣ ਕੈਂਪੇਨ ਦੌਰਾਨ ਮੁਜ਼ਾਹਰਾਕਾਰੀਆਂ ਵੱਲੋਂ ਗਲਤ ਫਬਤੀਆਂ ਕੱਸੀਆਂ ਗਈਆਂ ਸਨ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

OURR HOME APPLIANCES
Late Summer TREATS
PRICE $3199 +TAX
PRICE $1599 +TAX
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

Pure Vegetarian MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਹੜ੍ਹਾਂ, ਸੋਕਿਆਂ, ਤੂਫਾਨਾਂ ਕਾਰਨ ਕੈਨੇਡਾ ਦੇ ਅਰਥਚਾਰੇ ਨੂੰ 2050 ਤੱਕ ਹੋ ਸਕਦਾ ਹੈ 139 ਬਿਲੀਅਨ ਡਾਲਰ ਦਾ ਨੁਕਸਾਨ : ਰਿਪੋਰਟ

ਓਟਵਾ, 29 ਅਗਸਤ (ਪੋਸਟ ਬਿਊਰੋ) : ਕਲਾਈਮੇਟ ਦੇ ਆਧਾਰ ਉੱਤੇ ਕੀਤੇ ਗਏ ਵਿਸ਼ਲੇਸ਼ਣ ਵਿੱਚ ਇਹ ਪੇਸ਼ੀਨਿਗੋਈ ਕੀਤੀ ਗਈ ਹੈ ਕਿ ਹੜ੍ਹ, ਸੋਕੇ ਤੇ ਤੂਫਾਨਾਂ ਕਾਰਨ ਹਾਈਵੇਅਜ਼ ਤਬਾਹ ਹੋ ਜਾਣਗੇ, ਬਿਲਡਿੰਗਾਂ ਤੇ ਪਾਵਰ ਗਰਿੱਡ ਵੀ ਨੁਕਸਾਨੇ ਜਾਣਗੇ, ਜਿਸ ਨਾਲ ਕੈਨੇਡਾ ਦੇ ਅਰਥਚਾਰੇ ਨੂੰ ਅਗਲੇ 30 ਸਾਲਾਂ ਵਿੱਚ 139 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਐਕੁਆਨੌਮਿਕਸ ਸਿਰਲੇਖ ਹੇਠ ਇਹ ਰਿਪੋਰਟ ਜੀਐਚਡੀ ਵੱਲੋਂ ਅੱਜ ਛਾਪੀ ਗਈ ਹੈ। ਜੀਐਚਡੀ ਗਲੋਬਲ ਇੰਜੀਨੀਅਰਿੰਗ ਤੇ ਆਰਕੀਟੈਕਚਰ ਸੇਵਾਵਾਂ ਮੁਹੱਈਆ ਕਰਵਾਉਣ ਵਾਲੀ ਫਰਮ ਹੈ। ਜੀਐਚਡੀ ਦੇ ਕੈਨੇਡੀਅਨ ਵਾਟਰ ਲੀਡ ਡੌਨ ਹੌਲੈਂਡ ਨੇ ਦੱਸਿਆ ਕਿ ਪਿਛਲੇ ਸਾਲ ਬ੍ਰਿਟਿਸ਼ ਕੋਲੰਬੀਆ ਵਿੱਚ ਬਣੀ ਹੜ੍ਹਾਂ ਵਰਗੀ ਸਥਿਤੀ ਕਾਰਨ ਵੱਡੀ ਪੱਧਰ ਉੱਤੇ ਬਰਬਾਦੀ ਹੋਣ ਦੀਆਂ ਸੈਂਕੜੇ ਰਿਪੋਰਟਾਂ ਸਾਹਮਣੇ ਆਈਆਂ। ਇਸ ਰਿਪੋਰਟ ਵਿੱਚ ਆਰਥਿਕ ਉਤਪਾਦਕਤਾ ਨੂੰ ਪਹੁੰਚਣ ਵਾਲੇ ਘਾਟੇ ਦੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਹੀ ਜਦੋਂ ਗੱਲ ਸਪਲਾਈ ਚੇਨ ਦੀ ਆਉਂਦੀ ਹੈ ਤਾਂ ਸਿਸਟਮ ਨੂੰ ਲੱਗਣ ਵਾਲੇ ਝਟਕੇ ਬਾਰੇ ਵੀ ਗੱਲ ਕੀਤੀ ਗਈ ਹੈ।



ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਇਹ ਰਿਪੋਰਟ ਦਰਸਾਉਂਦੀ ਹੈ ਕਿ ਹੁਣ ਤੇ 2050 ਦਰਮਿਆਨ ਪਾਣੀ ਨਾਲ ਸਬੰਧਤ ਕਲਾਈਮੇਟ ਤਬਾਹੀ ਕਾਰਨ ਉਤਪਾਦਨ ਤੇ ਵੰਡ ਸਿਸਟਮ ਨੂੰ ਕਾਫੀ ਨੁਕਸਾਨ ਹੋਵੇਗਾ। ਇਸ ਨਾਲ ਅਰਥਚਾਰੇ ਨੂੰ 64 ਬਿਲੀਅਨ ਡਾਲਰ ਦਾ ਘਾਟਾ ਪਵੇਗਾ ਜਾਂ ਉਤਪਾਦਨ ਖੇਤਰ ਨੂੰ 0.2 ਫੀ ਸਦੀ ਦਾ ਘਾਟਾ ਹੋਵੇਗਾ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਜਿੱਥੇ ਸੋਕੇ ਪੈਣ ਨਾਲ ਸਿੱਧੇ ਤੌਰ ਉੱਤੇ ਇੰਡਸਟਰੀਅਲ ਉਤਪਾਦਨ ਦੇ ਰਾਹ ਵਿੱਚ ਅੜਿੱਕੇ ਆਉਣਗੇ, ਉੱਥੇ ਹੀ ਹੜ੍ਹਾਂ ਤੇ ਤੂਫਾਨ ਆਉਣ ਨਾਲ ਬਿਲਡਿੰਗਾਂ ਤੇ ਮਸ਼ੀਨਰੀ ਨੂੰ ਸਿੱਧੇ ਤੌਰ ਉੱਤੇ ਨੁਕਸਾਨ ਪਹੁੰਚੇਗਾ। ਇਸ ਨਾਲ ਪਾਵਰ ਸਪਲਾਈ ਠੱਪ ਹੋ ਜਾਵੇਗੀ ਤੇ ਫੈਕਟਰੀਆਂ ਬੰਦ ਹੋ ਜਾਣਗੀਆਂ।

# ਲੇਕ ਓਨਟਾਰੀਓ ਵਿੱਚ ਡੁੱਬਣ ਕਾਰਨ ਮਹਿਲਾ ਦੀ ਮੌਤ, ਬੱਚੇ ਨੂੰ ਬਚਾਇਆ ਗਿਆ

ਓਨਟਾਰੀਓ, 29 ਅਗਸਤ (ਪੋਸਟ ਬਿਊਰੋ) : ਸੋਮਵਾਰ ਨੂੰ ਓਕਵਿੱਲ ਵਿੱਚ ਲੇਕ ਓਨਟਾਰੀਓ ਦੇ ਪਾਣੀਆਂ ਵਿੱਚੋਂ ਇੱਕ ਮਹਿਲਾ ਤੇ 10 ਸਾਲਾ ਬੱਚੇ ਨੂੰ ਬਾਹਰ ਕੱਢਿਆ ਗਿਆ। ਇਸ ਘਟਨਾ ਵਿੱਚ ਮਹਿਲਾ ਦੀ ਮੌਤ ਹੋ ਗਈ ਜਦਕਿ ਬੱਚੇ ਨੂੰ ਬਚਾਅ ਲਿਆ ਗਿਆ।

ਕਿਸੇ ਮਹਿਲਾ ਤੇ ਬੱਚੇ ਦੇ ਪਾਣੀ ਵਿੱਚ ਡੁੱਬਣ ਦੀ ਖਬਰ ਦੇ ਕੇ ਹਾਲਟਨ ਪੁਲਿਸ ਨੂੰ ਸਵੇਰੇ 10:30 ਵਜੇ ਦੇ ਨੇੜੇ ਤੇੜੇ ਕੌਰੋਨੇਸ਼ਨ ਪਾਰਕ ਬੀਚ ਉੱਤੇ ਸੱਦਿਆ ਗਿਆ। ਮਰੀਨ ਯੂਨਿਟ ਨੇ ਦੱਸਿਆ ਕਿ ਉਹ ਬੱਚੇ ਨੂੰ ਬਚਾਉਣ ਵਿੱਚ ਤਾਂ ਕਾਮਯਾਬ ਹੋ ਗਏ ਪਰ ਪਾਣੀ ਵਿੱਚ ਡੁੱਬੀ ਮਹਿਲਾ ਨੂੰ ਬਚਾਉਣ ਲਈ ਫਾਇਰਫਾਈਟਰਜ਼ ਲੇਕ ਦੇ ਪਾਣੀਆਂ ਵਿੱਚ ਵੜੇ ਤਾਂ ਜ਼ਰੂਰ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ।




ਜਦੋਂ ਮਹਿਲਾ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਗਿਆ ਤਾਂ ਉਸ ਦਾ ਸਾਹ ਸੱਤ ਨਹੀਂ ਸੀ ਚੱਲ ਰਿਹਾ। ਉਸ ਨੂੰ ਸੀਪੀਆਰ ਦੇਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹਾਲਟਨ ਪੁਲਿਸ ਨੇ ਦੱਸਿਆ ਕਿ ਮਹਿਲਾ ਤੇ ਬੱਚਾ ਆਪਸ ਵਿੱਚ ਸਬੰਧਤ ਨਹੀਂ ਹਨ ਪਰ ਉਹ ਪਾਰਕ ਵਿੱਚ ਇੱਕਠੇ ਹੀ ਗਏ ਸਨ। 10 ਸਾਲਾ ਬੱਚੇ ਨੂੰ ਸ਼ਰੀਰਕ ਤੌਰ ਉੱਤੇ ਕੋਈ ਸੱਟ ਫੇਟ ਨਹੀਂ ਲੱਗੀ ਹੈ। ਹਾਲਟਨ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪਾਰਕ ਕੀਤੀ ਗੱਡੀ ਨਾਲ ਟਕਰਾਉਣ ਕਾਰਨ ਮੋਟਰਸਾਈਕਲਿਸਟ ਜ਼ਖ਼ਮੀ



ਟੋਰਾਂਟੋ, 29 ਅਗਸਤ (ਪੋਸਟ ਬਿਊਰੋ) : ਹਾਈ ਪਾਰਕ ਨੇੜੇ ਪਾਰਕ ਕੀਤੀ ਗੱਡੀ ਨਾਲ ਟਕਰਾ ਜਾਣ ਕਾਰਨ ਇੱਕ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਘਟਨਾ ਤੜਕੇ 3:00 ਵਜੇ ਬਲੂਅਰ ਸਟਰੀਟ ਤੇ ਕਿਊਬਿਕ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਵਾਪਰੀ। ਟੋਰਾਂਟੋ ਪੈਰਾਮੈਡਿਕਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇੱਕ ਵਿਅਕਤੀ, ਜੋ ਕਿ ਆਪਣੇ 50ਵਿਆਂ ਵਿੱਚ ਸੀ, ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਵੀ ਦਿੱਤੀ ਗਈ ਕਿ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ। ਬਲੂਅਰ ਸਟਰੀਟ ਨੂੰ ਹਾਈ ਪਾਰਕ ਤੇ ਕਲੈਂਡੇਨਨ ਐਵਨਿਊ ਦਰਮਿਆਨ ਕਈ ਘੰਟਿਆਂ ਲਈ ਬੰਦ ਰੱਖਿਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਾਰਖਮ ਦੇ ਰੈਸਟੋਰੈਂਟ ਵਿੱਚ ਖਾਣਾ ਖਾਣ ਵਾਲੇ ਕਈ ਲੋਕ ਪਏ ਬਿਮਾਰ

ਮਾਰਖਮ, 29 ਅਗਸਤ (ਪੋਸਟ ਬਿਊਰੋ) : ਵੀਕੈਂਡ ਉੱਤੇ ਮਾਰਖਮ, ਓਨਟਾਰੀਓ ਦੇ ਰੈਸਟੋਰੈਂਟ ਵਿੱਚ ਖਾਣਾ ਖਾਣ ਵਾਲੇ ਕਈ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਤੋਂ ਬਾਅਦ ਇਸ ਰੈਸਟੋਰੈਂਟ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇੱਕ ਬਿਆਨ ਵਿੱਚ ਯੌਰਕ ਰੀਜਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਕੈਸਲਮੋਰ ਐਵਨਿਊ ਉੱਤੇ ਸਥਿਤ ਡਿਲਾਈਟ ਰੈਸਟੋਰੈਂਟ ਐਂਡ ਬਾਰਬੀਕਿਊ ਵਿੱਚ ਖਾਣਾ ਖਾਣ ਵਾਲੇ ਕਈ ਲੋਕਾਂ ਦੇ ਬਿਮਾਰ ਪੈਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।




ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿੰਨੇ ਲੋਕ ਇਸ ਘਟਨਾ ਵਿੱਚ ਬਿਮਾਰ ਪਏ ਤੇ ਜਾਂ ਫਿਰ ਇਹ ਸੱਭ ਕਿਉਂ ਵਾਪਰਿਆ। ਜਿਸ ਕਿਸੇ ਵੱਲੋਂ 27 ਜਾਂ 28 ਅਗਸਤ ਨੂੰ ਇਸ ਰੈਸਟੋਰੈਂਟ ਵਿੱਚ ਖਾਣਾ ਖਾਧਾ ਗਿਆ ਤੇ ਜੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਗੰਭੀਰ ਲੱਛਣ ਨਜ਼ਰ ਆ ਰਹੇ ਹਨ ਤਾਂ ਉਨ੍ਹਾਂ ਨੂੰ ਫੌਰੀ ਮੈਡੀਕਲ ਮਦਦ ਹਾਸਲ ਕਰਨ ਲਈ ਆਖਿਆ ਜਾ ਰਿਹਾ ਹੈ।

# ਹਵਾ ਵਿੱਚ ਉੱਡਦੇ ਜਹਾਜ਼ ਵਿੱਚ ਦੋਵੇਂ ਪਾਇਲਟ ਹੱਥੋਪਾਈ ਹੋ ਗਏ

ਪੈਰਿਸ, 29 ਅਗਸਤ, (ਪੋਸਟ ਬਿਊਰੋ)-ਏਅਰ ਫਰਾਂਸ ਦੇ ਦੋ ਪਾਇਲਟ ਫਲਾਈਟ ਦੌਰਾਨ ਆਪੋਵਿੱਚ ਲੜੇ ਅਤੇ ਗੱਲ ਇੰਨੀ ਵਧ ਗਈ ਕਿ ਫਲਾਈਟ ਅਟੈਂਡੈਂਟ ਨੂੰ ਦੋਵਾਂ ਦੀ ਲੜਾਈ ਰੋਕਣ ਲਈ ਆਉਣਾ ਪਿਆ। ਲਾ ਟ੍ਰਿਬਿਊਨ ਅਖਬਾਰ ਦੀ ਰਿਪੋਰਟ ਮੁਤਾਬਕ ਏਅਰ ਫਰਾਂਸ ਦੀ ਫਲਾਈਟ ਜਨੇਵਾ ਤੋਂ ਪੈਰਿਸ ਜਾਣੀ ਸੀ।ਜਦੋਂ ਜਹਾਜ਼ ਆਪਣੀ ਮਿਥੀ ਉਚਾਈ ਉੱਤੇਗਿਆ ਤਾਂ ਦੋਵਾਂ ਪਾਇਲਟਾਂ ਵਿੱਚ ਬ੍ਰੀਫਕੇਸ ਇਕ ਦੂਸਰੇ ਦੇ ਸਮਾਨ ਉੱਤੇ ਰੱਖਣ ਤੋਂ ਬਹਿਸ ਹੋ ਗਈ। ਜਦੋਂ ਇੱਕ ਪਾਇਲਟ ਨੇ ਦੂਸਰੇ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਗੱਲ ਹੋਰ ਵਿਗੜ ਕੇ ਜ਼ਬਾਨੀ ਜੰਗ ਹੱਥੋਪਾਈ ਤੱਕ ਚਲੀਗਈ। ਇੱਕ ਪਾਇਲਟ ਨੇ ਦੂਸਰੇ ਨੂੰ ਥੱਪੜ ਮਾਰ ਦਿੱਤਾ ਤਾਂ ਦੋਵਾਂ ਨੇ ਇੱਕ-ਦੂਸਰੇ ਦਾ ਕਾਲਰ ਫੜ ਲਿਆ ਤੇ ਕਾਕਪਿਟ ਦੇ ਅੰਦਰ ਲੜਨ ਲੱਗੇ। ਦੋਵਾਂ ਦੀ ਲੜਾਈ ਅਤੇ ਗਾਲ੍ਹਾਂ ਦੀ ਆਵਾਜ਼ ਇੰਨੀ ਉੱਚੀ ਸੀ ਕਿ ਫਲਾਈਟ ਅਟੈਂਡੈਂਟ ਤੋਂ ਲੈ ਕੇ ਯਾਤਰੀਆਂਤੱਕ ਦਹਿਸ਼ਤ ਫੈਲ ਗਈ।



ਇਸ ਮੌਕੇ ਮਾਮਲਾ ਵਿਗੜਦਾ ਦੇਖ ਕੇ ਫਲਾਈਟਵਿਚਲੇ ਕੈਬਿਨ ਕਰੂ ਮੈਂਬਰਾਂ ਨੇ ਦਖਲ ਦਿੱਤਾ।ਉਨ੍ਹਾਂ ਕਾਕਪਿਟ ਦਾ ਦਰਵਾਜ਼ਾ ਤੋੜ ਜੇ ਅੰਦਰ ਹੱਥੋਪਾਈ ਹੋਏ ਪਾਇਲਟਾਂ ਨੂੰ ਹਟਾਇਆ। ਬਾਕੀ ਸਫ਼ਰ ਪੂਰਾ ਕਰਨ ਲਈ ਦੋਵੇਂ ਪਾਇਲਟਾਂ ਨੂੰ ਨੇੜੇ ਬਿਠਾ ਦਿੱਤਾ ਗਿਆ ਅਤੇ ਦੁਬਾਰਾ ਉਲਝਣ ਤੋਂ ਰੋਕਣ ਲਈ ਉਨ੍ਹਾਂ ਪਿੱਛੇ ਇੱਕ ਤਾਕਤਵਰ ਕੈਬਿਨ ਕਰੂ ਮੈਂਬਰ ਬਿਠਾਇਆ। ਫਿਰ ਜਹਾਜ਼ ਆਪਣੀ ਮੰਜ਼ਿਲ ਪੈਰਿਸ ਹਵਾਈ ਅੱਡੇ ਉੱਤੇ ਸੁਰੱਖਿਅਤ ਉਤਰਨਵਿੱਚ ਕਾਮਯਾਬ ਰਿਹਾ।

ਏਅਰ ਫਰਾਂਸ ਦੇ ਬੁਲਾਰੇ ਨੇ ਕਾਕਪਿਟ ਵਿੱਚ ਪਾਇਲਟਾਂ ਦੇ ਝਗੜੇ ਨੂੰ 'ਅਸਲੋਂਅਯੋਗ ਵਿਹਾਰ' ਮੰਨ ਕੇ ਕਿਹਾ ਕਿ ਇਹ ਘਟਨਾ ਫਲਾਈਟ ਦੇ ਆਚਰਣ ਜਾਂ ਸੁਰੱਖਿਆ ਪ੍ਰਭਾਵਿਤ ਕੀਤੇ ਬਿਨਾਂ ਰੁਕ ਗਈ ਤੇ ਫਲਾਈਟ ਆਮ ਵਾਂਗ ਜਾਰੀ ਰਹੀ ਸੀ। ਫਰਾਂਸ ਦੀ ਸਿਵਲ ਐਵੀਏਸ਼ਨ ਸੇਫਟੀ ਇਨਵੈਸਟੀਗੇਸ਼ਨ ਅਥਾਰਟੀ ਦੀ ਮੁਤਾਬਕ ਪਾਇਲਟਾਂ ਨੂੰ ਜਾਂਚ ਦੌਰਾਨ ਸਸਪੈਂਡ ਕਰ ਦਿੱਤਾ ਗਿਆ ਹੈ। ਇਹ ਘਟਨਾ ਜੂਨ ਵਿੱਚ ਏਅਰਬੱਸ ਏ320 ਦੀ ਉਡਾਣ ਦੌਰਾਨ ਵਾਪਰੀ ਸੀ।

# ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਨੂੰ ਸਾਰੇ ਅਹੁਦਿਆਂ ਤੋਂ ਹਟਾਇਆ, ਸਹੂਲਤਾਂ ਵੀ ਖੋਹੀਆਂ

ਅੰਮ੍ਰਿਤਸਰ, 29 ਅਗਸਤ, (ਪੋਸਟ ਬਿਊਰੋ)-ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਅਤੇ ਜਲੰਧਰ ਨੇੜਲੇ ਕਰਤਾਰਪੁਰ ਦੇ ਡਾਕਟਰ ਗੁਰਵਿੰਦਰ ਸਿੰਘ ਸਮਰਾ ਵਿਚਾਲੇ ਤਕਰਾਰ ਕਾਰਨ ਤਖ਼ਤ ਪਟਨਾ ਸਾਹਿਬ ਦੇ ਪ੍ਰਬੰਧਕੀ ਬੋਰਡ ਵੱਲੋਂ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਇੱਕ ਆਦੇਸ਼ ਰਾਹੀਂ ਜਥੇਦਾਰ ਰਣਜੀਤ ਸਿੰਘ ਗੌਹਰ ਦੀਆਂ ਸਾਰੀਆਂ ਸੇਵਾਵਾਂ ਅਤੇ ਸੁਵਿਧਾਵਾ ਵਾਪਸ ਲੈ ਲਈਆਂ ਹਨ। ਐਤਵਾਰ ਰਾਤ ਜਾਰੀ ਕੀਤੇ ਆਦੇਸ਼ ਵਿਚ ਅਵਤਾਰ ਸਿੰਘ ਹਿੱਤ ਨੇ ਕਿਹਾ ਕਿ ਡਾ: ਗੁਰਵਿੰਦਰ ਸਿੰਘ ਸਮਰਾ ਨਾਲ ਚੱਲਦੇ ਗਿਆਨੀ ਰਣਜੀਤ ਸਿੰਘ ਦੇ ਟਕਰਾਅ ਕਾਰਨ ਤਖ਼ਤ ਸਾਹਿਬ ਦੀ ਮਾਣ-ਮਰਿਯਾਦਾ ਅਤੇ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ।



ਉਨ੍ਹਾਂ ਕਿਹਾ ਕਿ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਨੇ ਗਿਆਨੀ ਰਣਜੀਤ ਸਿੰਘ ਨੂੰ ਪੇਸ਼ ਹੋਣ ਨੂੰ ਵੀ ਕਿਹਾ ਹੈ, ਜਿਸ ਕਾਰਨਜਦ ਤੱਕ ਗਿਆਨੀ ਰਣਜੀਤ ਸਿੰਘਨਿਰਦੋਸ਼ ਸਾਬਤ ਨਹੀਂ ਹੋ ਜਾਂਦੇ, ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਤੋਂ ਤਖ਼ਤ ਸਾਹਿਬ ਦੀਆਂ ਸਾਰੀਆਂ ਸੇਵਾਵਾਂ, ਸੁਵਿਧਾਵਾ ਤੇ ਪਦਵੀ ਵਾਪਸ ਲਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ, ਇਤਿਹਾਸ, ਪ੍ਰਪਰਾਵਾਂ ਅਤੇ ਸਿੱਖੀ ਸਿਧਾਂਤ ਤੋਂ ਭਲੀ ਭਾਂਤ ਜਾਣੂ ਜਥੇਦਾਰ ਰਣਜੀਤ ਸਿੰਘ ਨੇ ਇਤਿਹਾਸ ਵਿਚ ਪਹਿਲੀ ਵਾਰ ਨਵਾਂ ਚੈਪਟਰ ਜੋੜ ਦਿੱਤਾ ਹੈ, ਇਸ ਲਈ ਉਨ੍ਹਾ ਨੂੰ ਨਿਰਦੇਸ਼ ਦਿੱਤਾ ਹੈ ਕਿ ਜਦ ਤਕ ਨਿਰਦੋਸ਼ ਸਾਬਿਤ ਨਹੀਂ ਹੁੰਦੇ, ਉਦੋਂ ਤਕ ਤਖ਼ਤ ਸਾਹਿਬ ਦੀ ਕਿਸੇ ਪੋਸਟ ਦੀ ਵਰਤੋਂ ਨਹੀਂ ਕਰੋਗੇ।



# ‘ਖੇਡਾਂ ਵਤਨ ਪੰਜਾਬ ਦੀਆਂ’ ਦੀ ਸ਼ੁਰੂਆਤ, ਮੁੱਖ ਮੰਤਰੀ ਮਾਨ ਵੀ ਖੇਡ ਮੈਦਾਨ ਵਿੱਚ ਉੱਤਰੇ

* ਸਾਡੇ ਖਿਡਾਰੀਆਂ ਨੂੰ ਪਲੇਟਫਾਰਮ ਮਿਲੇਗਾ : ਮਾਨ





ਜਲੰਧਰ, 29 ਅਗਸਤ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾਣ ਵਾਲੀਆਂ ‘ਖੇਡਾਂ ਵਤਨ ਪੰਜਾਬ ਦੀਆਂ’ ਦੀ ਸ਼ੁਰੂਆਤ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਦੇ ਮੈਦਾਨਵਿੱਚਖੁਦ ਵੀ ਉਤਰ ਕੇ ਵਾਲੀਬਾਲਵਿੱਚ ਹੱਥ ਅਜ਼ਮਾਏ। ਮੁੱਖ ਮੰਤਰੀ ਭਗਵੰਤ ਮਾਨ ਜਲੰਧਰ ਦੀ ਪੰਜਾਬ ਸਪੋਰਟਸ ਸਕੂਲ ਦੀ ਟੀਮ ਵੱਲੋਂ ਲਾਇਲਪੁਰ ਖਾਲਸਾ ਕਾਲਜ ਦੀ ਟੀਮ ਦੇਖਿਲਾਫ ਵਾਲੀਬਾਲ ਸੈਂਟਰ ਪੁਆਇੰਟ ਉੱਤੇ ਖੇਡੇ। ਇਸ ਦੌਰਾਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਕੁਲਦੀਪ ਸਿੰਘ ਧਾਲੀਵਾਲ, ਅਮਨ ਅਰੋੜਾ, ਬ੍ਰਹਮ ਸ਼ੰਕਰ ਜ਼ਿੰਪਾ ਤੇ ਹੋਰ ਆਗੂ ਮੌਜੂਦ ਹਨ। ਪੰਜਾਬੀ ਗਾਇਕ ਰਣਜੀਤ ਬਾਵਾ ਤੇ ਅੰਮ੍ਰਿਤ ਮਾਨ ਨੇ ਥੀਮ ਸੌਂਗ ਗਾਇਆਅਤੇ ਵੱਖ-ਵੱਖ ਜ਼ਿਲਿਆਂ ਤੋਂ ਆਏ ਹੋਏ ਖਿਡਾਰੀਆਂ ਨੇ ਮਾਰਚ ਪਾਸਟ ਕੀਤਾ।

ਇਨ੍ਹਾਂ ਖੇਡਾਂ ਦੇ ਸ਼ੁਰੂਆਤੀ ਸਮਾਗਮ ਨੂੰ ਸੰਬੋਧਨ ਕਰਦੇ ਵਕਤਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਵੱਖ-ਵੱਖ ਸਕੂਲਾਂ ਤੇ ਵੱਖ-ਵੱਖ ਕੋਨਿਆਂ ਤੋਂ ਖੇਡ ਮੇਲੇ ‘ਖੇਡਾਂ ਵਤਨ ਪੰਜਾਬ ਦੀਆਂ’ ਵਿੱਚਸ਼ਾਮਲ ਹੋਣਆਏ ਖਿਡਾਰੀਆਂ, ਉਨ੍ਹਾਂ ਦੇ ਕੋਚ ਸਾਹਿਬਾਨ, ਅਧਿਆਪਕਾਂ ਤੇ ਦਰਸ਼ਕਾਂਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਉਹ ਪੰਜਾਬ ਨੂੰ ਖੇਡਦਾ ਵੇਖ ਕੇ ਖੁਸ਼ ਹਨ।ਉਨ੍ਹਾਂ ਕਿਹਾ ਕਿ ਇਹ ਖੇਡਾਂ ਕਾਫੀ ਦੇਰ ਬਾਅਦ ਵੇਖਣ ਨੂੰ ਮਿਲ ਰਹੀਆਂ ਹਨ।ਮੁੱਖ ਮੰਤਰੀ ਭਗਵੰਤ ਮਾਨਨੇ ਕਿਹ ਕਿ ਇਹ ਖੇਡਾਂ ਅਗਲੇ 2 ਮਹੀਨੇ ਚੱਲਣਗੀਆਂ, ਜਿਨ੍ਹਾਂ ਵਿੱਚ 14 ਤੋਂ 50 ਸਾਲ ਤੱਕ ਦੀ ਉਮਰ ਦੇ ਸਾਰੇ ਖਿਡਾਰੀ ਖੇਡ ਸਕਣਗੇ।ਉਨ੍ਹਾ ਕਿਹਾ ਕਿ ਪੰਜਾਬਦੀ ਬਣੀ ਸਮੱਗਰੀ ਦੇਸ਼ ਦੇ ਕੋਨੇ-ਕੋਨੇਵਿੱਚ ਜਾਂਦੀ ਤੇ ਇਸ ਨਾਲ ਕਈ ਖਿਡਾਰੀ ਖੇਡਦੇ ਹਨ, ਪਰ ਪੰਜਾਬ ਦੇ ਖਿਡਾਰੀਆਂ ਨੂੰ ਇਨ੍ਹਾਂ ਦੀ ਵਰਤੋਂ ਦਾ ਮੌਕਾ ਨਹੀਂ ਮਿਲਦਾ, ਕਿਉਂਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਖਿਡਾਰੀਆਂ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰਵਿੱਚਪੰਜਾਬ ਦੇ ਖਿਡਾਰੀਆਂ ਨੂੰ ਅਜਿਹਾ ਪਲੇਟਫਾਰਮ ਮਿਲੇਗਾ, ਜਿਸ ਵਿੱਚ ਉਹ ਬਹੁਤ ਵੱਡੇ ਪੱਧਰ ਉੱਤੇ ਮੁਕਾਬਲਿਆਂਵਿੱਚਸ਼ਾਮਲ ਹੋ ਸਕਣਗੇ। ਹਾਕੀ ਦੇ ਜਾਦੂਗਰ ਕਹੇ ਜਾਂਦੇਮੇਜਰ ਧਿਆਨ ਚੰਦ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅੱਜ ਉਨ੍ਹਾਂ ਦਾ ਜਨਮ ਦਿਨ ਹੈ। ਉਨ੍ਹਾਂ ਚੇਤੇ ਕਰਾਇਆ ਕਿ ਇੱਕ ਵਾਰ ਮੇਜਰ ਧਿਆਨ ਚੰਦ ਜਰਮਨੀਵਿੱਚ ਮੈਚ ਖੇਡ ਰਹੇ ਸਨ ਤਾਂ ਜਰਮਨ ਟੀਮ ਨੂੰ ਸ਼ੱਕ ਹੋ ਗਿਆ ਕਿ ਉਨ੍ਹਾਂ ਦੀ ਹਾਕੀ ਨੂੰ ਚੁੰਬਕ ਲੱਗੀ ਹੈ, ਉਨ੍ਹਾਂ ਦੀ ਸਟਿਕ ਬਦਲੀ ਜਾਵੇ, ਕਿਉਂਕਿ ਉਨ੍ਹਾਂ ਦੀ ਹਾਕੀ ਨਾਲ ਲੱਗੀ ਬਾਲ ਸਿੱਧੀ ਗੋਲ ਕਰਦੀ ਹੈ, ਕਿਤੇ ਹੋਰ ਨਹੀਂ ਜਾਂਦੀ। ਹਿਟਲਰ ਨੇ ਮੇਜਰ ਧਿਆਨ ਚੰਦ ਨੂੰ ਸਿਟੀਜ਼ਨਸ਼ਿਪ ਦੇਣ ਦੀ ਗੱਲ ਵੀ ਕਹੀ ਤੇ ਕਿਹਾ ਕਿ ਤੂੰ ਇੱਥੇ ਰਹਿ ਅਤੇ ਸਾਡੇ ਵੱਲੋਂ ਖੇਡ, ਪਰ ਧਿਆਨ ਚੰਦ ਨੇ ਕਿਹਾ ਕਿ ਮੈਂ ਭਾਰਤ ਦਾ ਵਾਸੀ ਹਾਂ ਤੇ ਭਾਰਤ ਵੱਲੋਂ ਹੀ ਖੇਡਾਂਗਾ। ਉਸੇ ਤਰ੍ਹਾਂ ਅੱਜ ਗੁਰੂ ਗੋਬਿੰਦ ਸਿੰਘ ਸਟੇਡੀਅਮ ਕਹਿ ਰਿਹਾ ਲੱਗਦਾ ਹੈ ਕਿ ਅਸੀਂ ਪੰਜਾਬੀ ਹਾਂ, ਖੇਡਾਂਗੇ ਤਾਂ ਪੰਜਾਬ ਵੱਲੋਂ ਖੇਡਾਂਗੇ, ਦੇਸ਼ ਵੱਲੋਂ ਖੇਡਾਂਗੇ ਤੇ ਮੈਡਲ ਜਿੱਤਾਂਗੇ।

ਇਸ ਤੋਂ ਪਹਿਲਾਂ ਪੰਜਾਬ ਦੇਖੇਡ ਮੰਤਰੀ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਕਈ ਮਹਾਨ ਖਿਡਾਰੀ ਦੇਸ਼ ਨੂੰ ਦਿੱਤੇ ਹਨ, ਜਿਨ੍ਹਾਂ ਨੇ ਸੰਸਾਰਵਿੱਚ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਪਿਛਲੇ ਸਮੇਂਵਿੱਚ ਸਾਡੇ ਪੰਜਾਬ ਨੂੰ ਨਜ਼ਰ ਲੱਗੀ ਅਤੇ ਸਾਡਾ ਲੈਵਲ ਹੇਠਾਂ ਆ ਗਿਆ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈਵਿੱਚ ਇਹ ਲੈਵਲ ਉੱਠੇਗਾ ਅਤੇ ਸਾਡੇ ਬੱਚਿਆਂ ਦਾ ਨਾਂ ਫਿਰ ਦੇਸ਼ ਲਈ ਮੈਡਲ ਲੈ ਕੇ ਆਉਣ ਵਾਲਿਆਂ ਦੀ ਸੂਚੀਵਿੱਚ ਹੋਵੇਗਾ।

## ਅੱਜ ਨਾਮਾ >>

ਖਬਰ ਕੋਈ ਆਏ ਭਰੋਸੇ ਦੇ ਨਹੀਂ ਕਾਬਲ,
ਜੋ ਵੀ ਆਵੇ, ਉਹ ਉਲਝਣ ਵਧਾਏ ਬੇਲੀ।
ਆਉਂਦੀ ਇੱਕ ਕੋਰੋਨਾ ਪਿਆ ਫੇਰ ਵਧਿਆ,
ਨਹੀਂ ਸਰਕਾਰਾਂ ਦੇ ਕਾਬੂ ਵਿੱਚ ਆਏ ਬੇਲੀ।
ਦੂਸਰੀ ਆਵੇ ਕਿ ਭਾਰਤ ਵਿੱਚ ਠੀਕ ਸਾਰਾ,
ਗਵਾਂਢ ਦੇ ਦੇਸ਼ਾਂ ਵਿੱਚ ਪਿੱਟਣਾ ਪਾਏ ਬੇਲੀ।
ਤੀਸਰੀ ਆਉਂਦੀ ਕਿ ਸੰਭਲ ਕੇ ਰਿਹੋ ਭਾਈ,
ਕੋਰੋਨਾ ਆਉਂਦਾ ਬੱਸ ਕੁੰਜ ਪਲਟਾਏ ਬੇਲੀ।
ਮੁੜ-ਮੁੜ ਆਖੇ ਸਰਕਾਰ ਬੱਸ ਰਹੋ ਚੌਕਸ,
ਆਉਂਦਾ ਏ ਕੂਕਦਾ ਹੋਊ ਨਹੀਂ ਟਾਲ ਬੇਲੀ।
ਘਟ ਗਿਆ ਜਦੋਂ ਤੇ ਹਟ ਗਿਆ ਜਦੋਂ ਜਾਪੇ,
ਸੁਲੱਖਣੀ ਓਦੋਂ ਨਾ ਦੇਂਦੀ ਕੋਈ ਕਾਲ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਵੱਲੋਂ ਖਹਿਰਾ ਨੂੰ ਨੋਟਿਸ

* ਰਾਜਾ ਵੜਿੰਗ ਨੂੰ ਨਸੀਹਤ ਦੇਣੀ ਮਹਿੰਗੀ ਪਈ

ਚੰਡੀਗੜ੍ਹ, 29 ਅਗਸਤ, (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਤੇ ਚਰਨਜੀਤ ਸਿੰਘ ਚੰਨੀ ਦੀਆਂ ਪਿਛਲੀਆਂ ਦੋ ਕਾਂਗਰਸੀ ਸਰਕਾਰਾਂਵੇਲੇ ਹੋਏ ਖੁਰਾਕ ਸਪਲਾਈ ਵਿਭਾਗ ਵਿੱਚ ਟੈਂਡਰ ਘੁਟਾਲੇ ਦੇ ਦੋਸ਼ ਹੇਠ ਗ੍ਰਿਫ਼ਤਾਰ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਕਾਰਨ ਪੰਜਾਬ ਕਾਂਗਰਸ ਦਾ ਕਲੇਸ਼ ਵਧ ਗਿਆ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਨੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਵਿਰੁੱਧਲੁਧਿਆਣਾ ਵਿੱਚ ਚੱਲਦਾ ਧਰਨਾ ਚੁੱਕਣ ਦੀ ਨਸੀਹਤਦਿੱਤੀ ਸੀ।ਹਰੀਸ਼ ਚੌਧਰੀ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਜਾਂ ਪਾਰਟੀ ਫੋਰਮ ਦੀ ਥਾਂ ਸੋਸ਼ਲ ਮੀਡੀਆ ਉੱਤੇਆਪਣੀ ਗੱਲ ਕਰਨ ਦੇ ਕਾਰਨ ਸੁਖਪਾਲ ਸਿੰਘ ਖਹਿਰਾ ਤੋਂ ਜਵਾਬ ਮੰਗਿਆ ਹੈ। ਇਸ ਤੋਂ ਪਹਿਲਾਂ ਅਮਰਿੰਦਰ ਸਿੰਘ ਵੜਿੰਗ ਨੇ ਸੁਖਪਾਲ ਸਿੰਘ ਖਹਿਰਾ ਨੂੰ ਕਿਹਾ ਸੀ ਕਿ ਬਿਨਾਂ ਮੰਗੇ ਸਲਾਹ ਨਹੀਂ ਦੇਣੀ ਚਾਹੀਦੀ, ਇਸ ਨਾਲ ਕਦਰ ਘਟਦੀ ਹੈ ਤੇ ਖਹਿਰਾ ਨੇ ਮੋੜਵਾਂ ਵਾਰ ਕਰਦਿਆਂ ਕਿਹਾ ਸੀ ਕਿ ਨੇਤਾਵਾਂ ਨੂੰ ਛੋਟੇ ਤੋਂ ਛੋਟੇ ਵਰਕਰ ਦੀ ਸਲਾਹ ਵੀ ਨਜ਼ਰਅੰਦਾਜ਼ ਨਹੀਂ ਕਰਨੀ ਚਾਹੀਦੀ।

ਇਸ ਦੌਰਾਨ ਅਬੋਹਰ ਤੋਂ ਕਾਂਗਰਸੀ ਵਿਧਾਇਕ ਸੰਦੀਪ ਜਾਖੜ ਨੇ ਵੀ ਮੋਰਚਾ ਖੋਲ੍ਹ ਦਿੱਤਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਹੰਕਾਰੀ ਕਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸੁਖਪਾਲ ਸਿੰਘ ਖਹਿਰਾ ਵਰਗੇ ਸੀਨੀਅਰ ਆਗੂ ਨੂੰ ਜਨਤਕ ਤੌਰ ਉੱਤੇ ਝਿੜਕਣਾ ਪੰਜਾਬ ਕਾਂਗਰਸ ਪ੍ਰਧਾਨ ਦੇ ਹੰਕਾਰ ਨੂੰ ਦਰਸਾਉਂਦਾ ਹੈ ਅਤੇ ਇਸ ਤਰ੍ਹਾਂ ਇੱਜ਼ਤ ਨਹੀਂ ਮਿਲੇਗੀ।

ਸੁਖਪਾਲ ਸਿੰਘ ਖਹਿਰਾ ਨੇ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਹੋਣਪਿੱਛੋਂ ਟਵੀਟ ਕਰ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸਲਾਹ ਦਿੱਤੀ ਸੀ ਕਿ ਕਿਸੇ ਇੱਕ ਆਗੂ ਲਈ ਪਾਰਟੀ ਦੇ ਕਾਡਰਾਂ ਦੀ ਊਰਜਾ ਬਰਬਾਦ ਨਾ ਕਰੋ, ਪੰਜਾਬ ਦੇ ਬੇਅਦਬੀ, ਕਿਸਾਨ ਖੁਦਕੁਸ਼ੀਆਂ, ਪਾਣੀਆਦਿ ਬਹੁਤ ਸਾਰੇ ਭਖਦੇ ਮੁੱਦੇ ਹਨ, ਜਿਨ੍ਹਾਂ ਉੱਤੇ ਕੰਮ ਕਰਨਾ ਚਾਹੀਦਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਭਾਰਤ ਭੂਸ਼ਣ ਆਸ਼ੂ ਲਈ ਵਿਜੀਲੈਂਸ ਭਵਨ ਦੇ ਬਾਹਰ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਸੀ।ਉਨ੍ਹਾਂ ਦਾ ਕਹਿਣਾ ਹੈ ਕਿ ਗ੍ਰਿਫ਼ਤਾਰੀ ਚੋਰਾਂ ਵਾਂਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਕੋਲ ਆਸ਼ੂ ਵਿਰੁੱਧ 2000 ਕਰੋੜ ਰੁਪਏ ਦੇ ਟੈਂਡਰ ਘਪਲੇ ਦਾ ਕੋਈ ਸਬੂਤ ਨਹੀਂ ਹੈ।

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW


ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਸਪੀਕਰ ਸੰਧਵਾਂ ਨੇ ਉਪਲ ਪਰਿਵਾਰ ਨਾਲ ਕੀਤੀ ਮੁਲਾਕਾਤ



ਪੰਜਾਬ ਵਿਧਾਨ ਸਭਾ ਪੰਜਾਬ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਆਪਣੇ ਕੈਨੇਡਾ ਦੌਰੇ ਦੌਰਾਨ ਰਿਆਲਟਰ ਰੁਪਿੰਦਰ ਉਪਲ (ਮਾਸਟਰਜੀ) ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲੇ। ਇਸ ਬਾਰੇ ਜਾਣਕਾਰੀ ਦਿੰਦਿਆਂ ਰੁਪਿੰਦਰ ਉਪਲ (ਮਾਸਟਰਜੀ) ਨੇ ਦੱਸਿਆ ਕਿ ਸੰਧਵਾਂ ਦਾ ਸਵਾਗਤ ਕਰਨ ਲਈ ਬਹੁਤ ਸਾਰੇ ਦੋਸਤ ਅਤੇ ਵਲੰਟੀਅਰ ਇਕੱਠੇ ਹੋਏ ਅਤੇ ਮੌਜੂਦਾ ਸਰਕਾਰ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ। ਸੰਧਵਾਂ ਨੇ ਸਾਰੀਆਂ ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਨੋਟ ਕੀਤਾ ਅਤੇ ਸਾਰਿਆਂ ਦਾ ਸਤਿਕਾਰ ਨਾਲ ਜਵਾਬ ਦਿੱਤਾ। ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕਰਨ ਲਈ ਮਿਸਟਰ ਮੋਲਕ ਢਿੱਲੋਂ ਦਾ ਧੰਨਵਾਦ ਕੀਤਾ। ਸੰਧਵਾਂ ਨੇ ਇਸ ਸ਼ਾਨਦਾਰ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਾਰਿਆਂ ਪ੍ਰਤੀ ਪਿਆਰ ਅਤੇ ਸਨੇਹ ਪ੍ਰਗਟਾਇਆ। ਮਾਸਟਰਜੀ ਨੇ ਧੰਨਵਾਦ ਕਰਦਿਆਂ ਦੱਸਿਆ ਕਿ ਕਿਵੇਂ ਲੋਕ ਔਖੇ ਵੇਲੇ ਪਾਰਟੀ ਛੱਡ ਕੇ ਭੱਜਦੇ ਰਹੇ ਤੇ ਮਖੌਲ ਕਰਦੇ ਰਹੇ ਕਿ ਇੰਨਾਂ ਦਾ ਭਾਵ 'ਆਪ' ਦਾ ਕੁਝ ਨਹੀਂ ਬਣਨਾ ਤੇ ਝਾੜੂ ਤਾਂ ਤੀਲਾ ਤੀਲਾ ਹੋ ਗਿਆ, ਪਰ ਅਸੀਂ ਅਡੋਲ ਤੇ ਨਿਰਸੁਆਰਥ ਹਰ ਵਕਤ ਪਾਰਟੀ ਨਾਲ ਖੜੇ ਰਹੇ ਤੇ ਖੜ੍ਹੇ ਰਹਾਂਗੇ। ਮਾਸਟਰ ਜੀ ਤੋਂ ਇਲਾਵਾ ਪਾਰਟੀ ਦੇ ਬਹੁਤ ਸਾਰੇ ਵਲੰਟੀਅਰ ਅਤੇ ਗੁਰਪ੍ਰੀਤ ਕੰਗ, ਰਾਜਾ ਗਿੱਲ ਵੀ ਹਾਜ਼ਰ ਸਨ। ਇਸ ਦੌਰਾਨ ਸ੍ਰੀ ਸੰਧਵਾਂ ਨੇ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਜੋ ਕੈਨੇਡਾ ਵਿੱਚ ਆਮ ਆਦਮੀ ਪਾਰਟੀ ਪੰਜਾਬ ਲੀਡਰਸ਼ਿਪ ਦਾ ਸਮਰਥਨ ਅਤੇ ਸਵਾਗਤ ਕਰ ਰਹੇ ਹਨ।










# ਡਾਨ ਮਿਨੇਕਰ ਸੀਨੀਅਰ ਕਲੱਬ ਦੀ ਨਵੀਂ ਕਮੇਟੀ ਦੀ ਚੋਣ ਹੋਈ

ਡਾਨ ਮਿਨੇਕਾਰ ਸੀਨੀਅਰਜ਼ ਕਲੱਬ ਬਰੈਂਪਟਨ ਦੀ ਕਮੇਟੀ ਦੀ ਤਿੰਨ ਸਾਲ ਦੀ ਟਰਮ ਪੂਰੀ ਹੋਣ ਕਰ ਕੇ 21 ਅਗਸਤ ਨੂੰ ਰਿਵਰਸਟੋਨ ਕਮਿਊਨਿਟੀ ਸੈਂਟਰ ਦੇ ਹਾਲ ਵਿਚ ਕਲੱਬ ਦੇ ਸਾਰੇ ਮੈਂਬਰਾਂ ਦਾ ਸਾਲਾਨਾ ਇਜਲਾਸ ਸੱਦਿਆ ਗਿਆ। ਸਭ ਤੋਂ ਪਹਿਲਾਂ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਨੇ ਸਰਕਾਰੀ ਨੁਮਾਇੰਦਿਆਂ ਨਾਲ ਵੱਖ ਵੱਖ ਸਮੇਂ ਹੋਈਆਂ ਮੀਟਿੰਗਾਂ ਦਾ ਵੇਰਵਾ ਦਿੱਤਾ। ਉਸ ਤੋਂ ਬਾਅਦ ਪੁਰਾਣੀ ਮੌਜੂਦਾ ਕਮੇਟੀ ਦੀ ਕਾਰਜਕਾਰਨੀ ਭੰਗ ਕਰਨ ਦਾ ਐਲਾਨ ਕੀਤਾ। ਗੁਰਦੇਵ ਸਿੰਘ ਜੌਹਲ ਅਤੇ ਸੋਹਣ ਸਿੰਘ ਸੰਧੂ ਨੂੰ ਨਵੀਂ ਕਮੇਟੀ ਦੀ ਚੋਣ ਕਰਵਾਉਣ ਦੀ ਬੇਨਤੀ ਕੀਤੀ। ਕਾਫ਼ੀ ਵਿਚਾਰ ਵਟਾਂਦਰੇ ਤੋਂ ਬਾਅਦ ਹੇਠ ਲਿਖੇ ਅਨੁਸਾਰ ਨਵੀਂ ਕਮੇਟੀ ਚੁਣੀ ਗਈ:

ਪ੍ਰਧਾਨ ਅਮਰੀਕ ਸਿੰਘ ਕੁਮਰੀਆ, ਮੀਤ ਪ੍ਰਧਾਨ ਜਗਦੇਵ ਸਿੰਘ ਗਰੇਵਾਲ, ਸੈਕਟਰੀ ਸੁਖਦੇਵ ਸਿੰਘ ਗਿੱਲ, ਖਜ਼ਾਨਚੀ ਹਰਨਾਮ ਸਿੰਘ ਸੰਧੂ ਅਤੇ ਗੁਰਬਖ਼ਸ਼ ਸਿੰਘ ਤੂਰ, ਰਾਮ ਪ੍ਰਕਾਸ਼ ਪਾਲ, ਗਿਆਨ ਸਿੰਘ ਸੰਘਾ, ਜਸਵੰਤ ਕੌਰ ਜੱਸੀ, ਰੁਖਵੰਤ ਕੌਰ ਸੰਧੂ ਅਤੇ ਮਨਜੀਤ ਸਿੰਘ ਢੇਸੀ ਡਾਇਰੈਕਟਰ ਚੁਣੇ ਗਏ। ਖਾਣੇ ਅਤੇ ਚਾਹ ਪਾਣੀ ਦਾ ਲੰਗਰ ਲਾਇਆ ਗਿਆ। ਅੰਤ ਵਿਚ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਨੇ ਸਾਰਿਆਂ ਦਾ ਧੰਨਵਾਦ ਕੀਤਾ ਕਲੱਬ ਵੱਲੋਂ ਸਾਲ ਦਾ ਆਖਰੀ ਟੂਰ ਸੈਨਟੇਨੀਅਲ ਬੀਚ ਅਤੇ ਪਾਰਕ ਜਾਣ ਦਾ ਬਣਾਇਆ ਗਿਆ। ਇਸ ਟੂਰ ਲਈ ਬੱਸ 10 ਸਤੰਬਰ ਨੂੰ ਸਵੇਰੇ 10 ਵਜੇ ਚੱਲੇਗੀ। ਹੋਰ ਜਾਣਕਾਰੀ ਲਈ 6479987253 'ਤੇ ਸੰਪਰਕ ਕੀਤਾ ਜਾ ਸਕਦਾ ਹੈ।














## ਆਓ ਭਾਰਤੀ ਰੁਪਏ ਦਾ ਇਤਿਹਾਸ ਜਾਣੀਏ



ਰਵਿੰਦਰਪਾਲ ਸਿੰਘ



ਭਾਰਤੀ ਰੁਪਏ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭਾਰਤੀ ਕਰੰਸੀ ਦੀਆਂ ਕਈ ਇਕਾਈਆਂ ਸਨ, ਜਿਨ੍ਹਾਂ ਬਾਰੇ ਸ਼ਾਇਦ ਤੁਹਾਨੂੰ ਪਤਾ ਵੀ ਨਾ ਹੋਵੇ। ਆਓ ਇਹਨਾਂ ਬਾਰੇ ਪਤਾ ਕਰੀਏ।

ਰੁਪਿਆ ਸ਼ਬਦ ਸਭ ਤੋਂ ਪਹਿਲਾਂ ਸ਼ੇਰ ਸ਼ਾਹ ਸੂਰੀ ਦੁਆਰਾ 1540 ਅਤੇ 1545 ਦੇ ਵਿਚਕਾਰ ਆਪਣੇ ਰਾਜ ਦੌਰਾਨ ਵਰਤਿਆ ਗਿਆ ਸੀ। ਉਸ ਨੇ ਜੋ ਰੁਪਏ ਦਾ ਸਿੱਕਾ ਵਰਤਿਆ, ਉਹ ਚਾਂਦੀ ਦਾ ਸੀ ਜਿਸਦਾ ਵਜ਼ਨ ਲਗਭਗ 11.543 ਗ੍ਰਾਮ ਸੀ। ਉਸ ਨੇ 'ਦਾਮ' ਕਹੇ ਜਾਣ ਵਾਲੇ ਤਾਂਬੇ ਦੇ ਸਿੱਕੇ ਅਤੇ 'ਮੋਹਰ' ਕਹੇ ਜਾਣ ਵਾਲੇ ਸੋਨੇ ਦੇ ਸਿੱਕੇ ਵੀ ਜਾਰੀ ਕੀਤੇ। ਪਰ ਅੱਜ ਅਸੀਂ ਜਿਸ ਰੁਪਏ ਦੀ ਵਰਤੋਂ ਕਰਦੇ ਹਾਂ, ਉਹ ਇੱਥੇ ਪਹੁੰਚਣ ਲਈ ਕਈ ਪੜਾਵਾਂ ਵਿੱਚੋਂ ਲੰਘਿਆ ਹੈ।

ਜਦੋਂ ਰੁਪਏ ਦਾ ਦਸ਼ਮਲਵੀਕਰਨ ਨਹੀਂ ਹੋਇਆ ਸੀ ਤਾਂ 11.66 ਗ੍ਰਾਮ ਵਜ਼ਨ ਵਾਲੇ ਰੁਪਏ ਦੇ ਸਿੱਕੇ ਨੂੰ 16 ਆਨੇ ਜਾਂ 64 ਪੈਸੇ ਜਾਂ ਫਿਰ 192 ਪਾਈ ਵਿੱਚ ਵੰਡਿਆ ਗਿਆ ਸੀ। 1957 ਵਿੱਚ ਰੁਪਏ ਦਾ ਦਸ਼ਮਲਵੀਕਰਨ ਕੀਤਾ ਗਿਆ ਅਤੇ ਇੱਕ ਰੁਪਿਆ 100 ਪੈਸੇ ਹੋ ਗਿਆ। ਰੁਪਏ ਦੇ ਪੂਰੇ ਇਤਿਹਾਸ ਨੂੰ ਜਾਣਨ ਤੋਂ ਪਹਿਲਾਂ, ਅਸੀਂ ਇਹ ਵੀ ਜਾਣ ਲੈਂਦੇ ਹਾਂ ਕਿ ਪ੍ਰਾਚੀਨ ਭਾਰਤ ਵਿੱਚ ਮੁਦਰਾ ਦਾ ਵਰਗੀਕਰਨ ਕਿਵੇਂ ਕੀਤਾ ਗਿਆ ਸੀ। ਅੱਜ ਇੱਕ ਰੁਪਏ ਦੀ ਕੀਮਤ ਜੋ ਸਾਡੇ ਲਈ ਅਣਗੌਲੀ ਹੈ, ਇੱਕ ਸਮੇਂ ਇੱਕ ਬਹੁਤ ਵੱਡੀ ਮੁਦਰਾ ਮੰਨੀ ਜਾਂਦੀ ਸੀ ਅਤੇ ਉਸ ਤੋਂ ਛੋਟੀਆਂ ਕਈ ਤਰ੍ਹਾਂ ਦੀਆਂ ਮੁਦਰਾਵਾਂ ਹੀ ਪ੍ਰਚਲਨ ਵਿੱਚ ਸਨ। ਕਈ ਵਾਰ, ਲੋਕ ਆਪਣੀ ਗਰੀਬੀ ਦਾ ਵਰਣਨ ਕਰਨ ਲਈ ਇਹ ਵਾਕੰਸ਼ ਵਰਤਦੇ ਹਨ ''ਸਾਡੇ ਕੋਲ ਇੱਕ ਫੁੱਟੀ ਕੌਡੀ ਵੀ ਨਹੀਂ ਹੈ,'' ਇਹ 'ਫੁੱਟੀ ਕੌਡੀ' ਵੀ ਇੱਕ ਮੁਦਰਾ ਹੀ ਹੁੰਦੀ ਸੀ ਅਤੇ ਇਸਨੂੰ ਪ੍ਰਾਚੀਨ ਭਾਰਤ ਵਿੱਚ ਸਭ ਤੋਂ ਛੋਟੀ ਮੁਦਰਾ ਵਜੋਂ ਜਾਣਿਆ ਜਾਂਦਾ ਸੀ।

ਤੁਸੀਂ ਫੁੱਟੀ ਕੌਡੀ ਤੋਂ ਰੁਪਏ ਤੱਕ ਦੇ ਵਰਗੀਕਰਨ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ - ਫੁੱਟੀ ਕੌਡੀ ਤੋਂ ਕੌਡੀ (3 ਫੁੱਟੀ ਕੌਡੀ = 1 ਕੌਡੀ), ਕੌਡੀ ਤੋਂ ਦਮੜੇ (10 ਕੌਡੀਆਂ = 1 ਦਮੜੀ), ਦਮੜੇ ਤੋਂ ਧੇਲਾ (2 ਦਮੜੇ = 1 ਧੇਲਾ), ਧੇਲੇ ਤੋਂ ਪਾਈ (1 ਧੇਲਾ = 1.5 ਪਾਈ), ਪਾਈ ਤੋਂ ਪੈਸਾ (3 ਪਾਈ = 1 ਪੈਸਾ(ਪੁਰਾਣਾ)), ਪੈਸਾ ਤੋਂ ਆਨਾ (4 ਪੈਸੇ = 1 ਆਨਾ), ਆਨੇ ਤੋਂ ਰੁਪਇਆ (16 ਆਨੇ = 1 ਰੁਪਇਆ)। ਇਸ ਤਰ੍ਹਾਂ ਰੁਪਏ ਦਾ ਜਨਮ ਹੋਇਆ।

ਇਹਨਾਂ ਮੁਦਰਾਵਾਂ ਦਾ ਆਪਸ ਵਿੱਚ ਕੀ ਸਬੰਧ ਹੈ ਆਓ ਇਹ ਵੀ ਸਮਝੀਏ: 265 ਦਮੜੇ = 192 ਪਾਈਆਂ, 192 ਪਾਈਆਂ = 128 ਧੇਲੇ, 128 ਧੇਲੇ = 64 ਪੈਸੇ(ਪੁਰਾਣੇ), 64 ਪੈਸੇ = 16 ਆਨੇ, 16 ਆਨੇ = 1 ਰੁਪਇਆ।

ਪੁਰਾਤਨ ਮੁਦਰਾ ਦੀਆਂ ਇਨ੍ਹਾਂ ਇਕਾਈਆਂ ਨੇ ਸਾਡੀ ਬੋਲੀ ਨੂੰ ਬਹੁਤ ਸਾਰੀਆਂ ਕਹਾਵਤਾਂ ਦਿੱਤੀਆਂ ਹਨ, ਜੋ ਅੱਜ ਵੀ ਪਹਿਲਾਂ ਵਾਂਗ ਹੀ ਪ੍ਰਚਲਿਤ ਹਨ। ਉਦਾਹਰਣ ਵਜੋਂ - ਮੈਂ ਇੱਕ 'ਫੁੱਟੀ ਕੌਡੀ' ਵੀ ਨਹੀਂ ਦੇਵਾਂਗਾ। ਸਾਡਾ ਪੁੱਤ 'ਧੇਲੇ' ਦਾ ਕੰਮ ਨਹੀਂ ਕਰਦਾ। 'ਪਾਈ-ਪਾਈ' ਦਾ ਹਿਸਾਬ ਕਰਨਾ। ਸੋਲ੍ਹਾਂ 'ਆਨੇ' ਸੱਚ।

ਸੋ ਇਹ ਸੀ ਫੁੱਟੀ ਕੌਡੀ ਤੋਂ ਰੁਪਏ ਤੱਕ ਦਾ ਸਫਰ ਅਤੇ ਇਸ ਤਰ੍ਹਾਂ ਹੋਇਆ ਸੀ ਅਜੋਕੇ ਰੁਪਏ ਦਾ ਜਨਮ।

ਰਵਿੰਦਰਪਾਲ ਸਿੰਘ
ਕੰਪਿਊਟਰ ਫੈਕਲਟੀ,
ਸਰਕਾਰੀ ਹਾਈ ਸਕੂਲ, ਕਮਾਲਪੁਰ (ਸੰਗਰੂਰ)
9815292572

# ਮੇਅ ਫੀਲਡ ਕਲੱਬ ਵੱਲੋਂ ਕੈਨੇਡਾ ਦਿਵਸ ਅਤੇ ਅਜ਼ਾਦੀ ਦਿਨ ਮਨਾਇਆ





(ਬਰੈਂਪਟਨ/ਬਾਸੀ ਹਰਚੰਦ) ਪਿਛਲੇ ਦਿਨੀਂ ਮੇਅ ਫੀਲਡ ਸੀਨੀਅਰਜ਼ ਕਲੱਬ ਨੇ ਕਨੇਡਾ ਡੇ ਅਤੇ ਭਾਰਤ ਦਾ ਅਜ਼ਾਦੀ ਦਿਵਸ ਦੋਹਾਂ ਦੇਸਾਂ ਦੇ ਝੰਡੇ ਝੁਲਾ ਕੇ ਬੜੀ ਸ਼ਰਧਾ ਨਾਲ ਮਨਾਇਆ। ਦਰਜਨਾਂ ਲੋਕਾਂ ਨੇ ਇਸ ਜਸ਼ਨ ਵਿੱਚ ਸ਼ਮੂਲੀਅਤ ਕੀਤੀ। ਹੌਲੀ ਹੌਲੀ ਪਾਰਕ ਵਿੱਚ ਖੂਬ ਰੌਣਕਾਂ ਲੱਗੀਆਂ। ਇਸ ਤੋਂ ਉਪਰੰਤ ਸੀਨੀਅਰਜ਼ ਦੇ ਮਨੋਰੰਜਨ ਲਈ ਤਾਸਲ (ਸਵੀਪ) ਦੇ ਮੁਕਾਬਲੇ ਕਰਵਾਏ ਗਏ । ਜੋ ਲੱਗ ਪੱਗ ਸਾਢੇ ਚਾਰ ਕੁ ਵਜੇ ਤੱਕ ਚੱਲੇ। ਪਹਿਲੇ ਦੂਜੇ ਅਤੇ ਤੀਜੇ ਦਰਜੇ ਦੇ ਆਉਣ ਵਾਲੇ ਖਿਡਾਰੀਆਂ ਨੂੰ ਸਿਟੀ ਮੇਅਰ ਪੈਟਰਿਕ ਬਰਾਊਨ ਨੇ ਇਨਾਮ ਵੰਡੇ। ਸ਼ਾਮ ਨੂੰ ਬੀਬੀਆਂ ਨੇ ਗਿੱਧਾ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ। ਗਾਇਕ ਰੁਪਿੰਦਰ ਰਿੰਪੀ ਨੇ ਬੋਲੀਆਂ ਪਾਕੇ ਰੰਗ ਬੰਨ੍ਹਿਆ। ਖਾਣ ਪੀਣ ਸਾਰਾ ਦਿਨ ਚੱਲਦਾ ਰਿਹਾ। ਕਲੱਬ ਦੇ ਸਮੁਚੇ ਮੈਂਬਰਾਂ ਨੇ ਇਸ ਦੀ ਸਫਲਤਾ ਲਈ ਕੰਮ ਕੀਤਾ। ਇਸ ਵਿੱਚ ਸੁਭਾਸ਼ ਖੁਰਮੀ ਦਾ ਨਾਂ ਵਰਨਣ ਯੋਗ ਹੈ।

## ਸਹਾਰਾ ਲੱਭਦੀ ਜ਼ਿੰਦਗੀ



ਐਡਵੋਕੇਟ ਗਗਨਦੀਪ ਸਿੰਘ ਗੁਰਾਇਆ

ਜ਼ਿੰਦਗੀ ਵਿੱਚ ਕਈ ਉਤਰਾਅ ਚੜ੍ਹਾਅ ਆਉਂਦੇ ਹਨ । ਜਾਣੇ ਅਣਜਾਣੇ ਵਿੱਚ ਕੀਤੀਆਂ ਗਲਤੀਆਂ ਦਾ ਖਮਿਆਜ਼ਾ ਸਾਨੂੰ ਭੁਗਤਣਾ ਪੈਂਦਾ ਹੈ। ਕਈ ਵਾਰ ਕਿਸਮਤ ਹੀ ਅਜਿਹੀ ਮਾਰ ਮਾਰਦੀ ਹੈ ਕਿ ਇਨਸਾਨ ਘੜੀ ਦਾ ਖੁੰਝਿਆ ਕੋਹਾਂ 'ਤੇ ਜਾ ਪੈਂਦਾ ਹੈ। "ਜਿਉਂ ਜਿਉਂ ਭਿੱਜੇ ਕੰਬਲੀ ਤਿਉਂ ਤੋਂ ਬੋਝਲ ਹੋਏ" ਦੀ ਕਹਾਵਤ ਅਨੁਸਾਰ ਉਮਰ ਦੇ ਬੀਤਣ ਨਾਲ ਤੇ ਸਮਾਜ ਵਿੱਚ ਧੱਕੇ ਖਾਣ ਨਾਲ ਸਮਝ ਮਜ਼ਬੂਤ ਹੁੰਦੀ ਜਾਂਦੀ ਹੈ। ਬਾਲ ਵਰੇਸ ਵਿਚ ਕੋਈ ਸਮਝ ਨਹੀਂ ਹੁੰਦੀ, ਪਰ ਮਜਬੂਰੀ ਵਿੱਚ ਕੀਤੇ ਗ਼ਲਤ ਫ਼ੈਸਲੇ ਸਾਡਾ ਭਵਿੱਖ ਧੁੰਦਲਾ ਕਰ ਦਿੰਦੇ ਹਨ।

ਬਾਲ ਭਲਾਈ ਕਮੇਟੀ ਵਿੱਚ ਵਿਚਰਦਿਆਂ ਪਿਛਲੇ ਦਿਨੀਂ ਇਕ ਵਾਕਿਆਤ ਦਾ ਸਾਹਮਣਾ ਕਰਨਾ ਪਿਆ। ਕੇਸ ਦਾ ਫ਼ੈਸਲਾ ਕਰਨ ਲੱਗਿਆਂ ਮੇਰੇ ਦਿਲ ਅਤੇ ਦਿਮਾਗ ਵਿੱਚ ਅਜਿਹੀ ਜੰਗ ਚੱਲੀ ਕਿ ਮਾਂ ਦੀ ਮਮਤਾ ਅਤੇ ਬਾਲਾਂ ਦੀ ਪਰਵਰਿਸ਼ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਸੋਚਾਂ ਦੇ ਡੂੰਘੇ ਵਹਿਣ ਵਿੱਚ ਵਹਿੰਦਾ ਗਿਆ।

ਇੱਕ ਬਾਈ ਕੁ ਸਾਲਾਂ ਦੀ ਮੁਟਿਆਰ ਦਫ਼ਤਰ ਵਿੱਚ ਮੇਰੇ ਸਾਹਮਣੇ ਬੈਠੀ ਸੀ। ਵੇਖਣ ਨੂੰ ਠੀਕ ਠਾਕ ਅਤੇ ਖ਼ੂਬਸੂਰਤ। ਪਹਿਲੀ ਨਜ਼ਰੇ ਉਸ ਵੱਲ ਤੱਕਣ ਤੇ ਉਸ ਦੇ ਦੁੱਖ ਦਾ ਕੋਈ ਅੰਦਾਜ਼ਾ ਨਹੀਂ ਲੱਗਦਾ ਸੀ। ਉਸ ਨੇ ਦਰਖਾਸਤ ਦਿੱਤੀ ਕਿ ਉਹ ਅਨਾਥ ਅਤੇ ਇਕੱਲੀ ਸੀ। ਉਸ ਨੂੰ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਪਾਲਿਆ ਅਤੇ ਪੰਦਰਾਂ ਸਾਲਾਂ ਦੀ ਨਾਬਾਲਗ ਉਮਰੇ ਉਸ ਦਾ ਵਿਆਹ ਕਰ ਦਿੱਤਾ। ਉਸ ਉੱਤੇ ਦੁੱਖਾਂ ਦਾ ਪਹਾੜ ਉਦੋਂ ਟੁੱਟਿਆ ਜਦੋਂ ਉਸ ਨੂੰ ਪਤਾ ਲੱਗਾ ਕਿ ਉਸਦਾ ਪਤੀ ਨਾਮੁਰਾਦ ਬਿਮਾਰੀ ਏਡਜ਼ ਨਾਲ ਗ੍ਰਸਤ ਹੈ, ਜਿਸ ਤੋਂ ਲਾਗ ਨਾਲ ਉਸ ਨੂੰ ਵੀ ਇਹ ਭੈੜੀ ਬਿਮਾਰੀ ਲੱਗ ਗਈ। ਉਨ੍ਹਾਂ ਦੇ ਘਰ ਦੋ ਬੱਚੇ ਧੀ ਅਤੇ ਪੁੱਤਰ ਨੇ ਜਨਮ ਲਿਆ। ਰੱਬ ਦੀ ਸਵੱਲੀ ਨਜ਼ਰ ਨਾਲ ਦੋਵੇਂ ਬੱਚੇ ਐਚ ਆਈ ਵੀ ਨੈਗੇਟਿਵ ਨਿਕਲੇ। ਮਾਂ ਪਿਓ ਨੂੰ ਇਹ ਬਿਮਾਰੀ ਹੁੰਦੇ ਹੋਏ ਵੀ ਉਨ੍ਹਾਂ ਦਾ ਇਸ ਬਿਮਾਰੀ ਤੋਂ ਬਚਾਅ ਰਿਹਾ। ਮੀਆਂ ਬੀਵੀ ਦੋਵੇਂ ਇੱਕ ਦੂਜੇ ਤੋਂ ਬਿਮਾਰੀ ਦੀ ਲਾਗ ਲੱਗਣ ਦੀਆਂ ਤੋਹਮਤਾਂ ਦਿੰਦੇ ਰਹੇ। ਇਸ ਤਰ੍ਹਾਂ ਉਸ ਲੜਕੀ ਦਾ ਆਪਣੇ ਪਤੀ ਤੋਂ ਮੋਹ ਭੰਗ ਹੋ ਗਿਆ। ਜਿਵੇਂ ਕਿ ਅਕਸਰ ਵੇਖਿਆ ਗਿਆ ਹੈ ਕਿ ਸਾਡੇ ਸਮਾਜ ਵਿੱਚ ਔਰਤ ਨੂੰ ਸਹਾਰੇ ਦੀ ਲੋੜ ਹੁੰਦੀ ਹੈ ਤੇ ਓਹ ਸਹਾਰਾ ਭਾਲਦੀ ਕਈ ਵਾਰੀ ਜ਼ਿੰਦਿਗੀ ਦੇ ਗਲਤ ਫ਼ੈਸਲੇ ਵੀ ਕਰ ਲੈਂਦੀ ਹੈ ਜੋ ਕਿ ਤਾਅ ਉਮਰ ਪਛਤਾਵੇ ਦਾ ਕਾਰਨ ਹੋ ਨਿੱਬੜਦਾ ਹੈ। ਉਸ ਲੜਕੀ ਦੇ ਕਿਸੇ ਹੋਰ ਮਰਦ ਨਾਲ ਸਬੰਧ ਬਣ ਗਏ ਅਤੇ ਉਹ ਆਪਣੇ ਪਤੀ ਅਤੇ ਬੱਚਿਆਂ ਨੂੰ ਛੱਡ ਕੇ ਉਸ ਨਾਲ ਚਲੀ ਗਈ। ਪੰਚਾਇਤੀ ਰਾਜ਼ੀਨਾਮੇ ਵਿਚ ਉਸ ਨੇ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਜਾਣ ਤੋਂ ਮਨ੍ਹਾ ਕਰ ਦਿੱਤਾ। ਉਮਰ ਨਿੱਕੀ ਅਤੇ ਨਾ ਸਮਝੀ 'ਚ ਕੀਤੇ ਫ਼ੈਸਲੇ ਕਰਕੇ ਉਸਦੇ ਰਿਸ਼ਤੇਦਾਰ ਜਿਨ੍ਹਾਂ ਨੇ ਉਸ ਦਾ ਪਾਲਣ ਪੋਸ਼ਣ ਕੀਤਾ ਸੀ ਵੀ, ਉਸ ਨਾਲੋਂ ਨਾਤਾ ਤੋੜ ਗਏ। ਨਵੇਂ ਮਰਦ ਨੇ ਉੱਚ ਅਦਾਲਤਾਂ ਚ ਜਾ ਕੇ ਉਸ ਕੋਲੋਂ ਉਸ ਦੇ ਸਹੁਰਿਆਂ ਅਤੇ ਪਤੀ ਖ਼ਿਲਾਫ਼ ਕੇਸ ਕਰਵਾ ਦਿੱਤੇ ਜਿਸ ਕਰਕੇ ਉਸ ਲਈ ਸਹੁਰੇ ਘਰ ਦੇ ਬੂਹੇ ਹਮੇਸ਼ਾ ਲਈ ਬੰਦ ਹੋ ਗਏ। ਉਸ ਨਵੇਂ ਮਰਦ ਨੇ ਇਸ ਦਾ ਦੋ ਚਾਰ ਸਾਲ ਸ਼ੋਸ਼ਣ ਕੀਤਾ ਤੇ ਇਸ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਨੂੰ ਛੱਡ ਕੇ ਆਪਣੇ ਰਾਹ ਪੈ ਗਿਆ। ਖ਼ੈਰ, ਉਸਦੇ ਉਹੀ ਪੁਰਾਣੇ ਰਿਸ਼ਤੇਦਾਰ ਨੇ ਤਰਸ ਖਾ ਕੇ ਘਰ ਵਾੜ ਲਿਆ। ਹੁਣ ਉਸਨੇ ਆਪਣੇ ਬੱਚਿਆਂ ਨੂੰ ਵਾਪਸ ਲੈਣ ਜਾਂ ਆਪਣੇ ਸਹੁਰੇ ਘਰ ਮੁੜ ਵੱਸਣ ਲਈ ਸਾਡੇ ਕੋਲ ਦਰਖਾਸਤ ਦਿੱਤੀ ਸੀ। ਉਸਦੇ ਪਤੀ ਅਤੇ ਸਹੁਰੇ ਪਰਿਵਾਰ ਨੂੰ ਦਫਤਰ ਬੁਲਾਇਆ ਗਿਆ। ਉਸਦੇ ਪਤੀ ਦੀ ਹਾਲਤ ਨਾਮੁਰਾਦ ਬਿਮਾਰੀ ਕਰਕੇ ਬੇਹੱਦ ਤਰਸਯੋਗ ਹੋ ਚੁੱਕੀ ਸੀ। ਦੋਵੇਂ ਬੱਚੇ ਬੜੇ ਸੋਹਣੇ ਪਹਿਰਾਵੇ ਵਿੱਚ ਆਪਣੇ ਦਾਦਾ ਦਾਦੀ ਨਾਲ ਆਏ ਸਨ, ਜਿਸ ਤੋਂ ਉਨ੍ਹਾਂ ਦੇ ਚੰਗੇ ਪਾਲਣ ਪੋਸ਼ਣ ਦਾ ਝਲਕਾਰਾ ਪੈ ਰਿਹਾ ਸੀ। ਬੱਚੇ ਆਪਣੇ ਦਾਦਾ ਦਾਦੀ ਨਾਲ ਬਹੁਤ ਖ਼ੁਸ਼ ਸਨ ਤੇ ਚੰਗੇ ਸਕੂਲ ਵਿੱਚ ਪੜ੍ਹਦੇ ਸਨ। ਪੰਚਾਇਤ, ਪਿੰਡ ਅਤੇ ਹੋਰ ਆਲੇ ਦੁਆਲੇ ਤੋਂ ਬੱਚਿਆਂ ਦੀ ਪਰਵਰਿਸ਼ ਸਬੰਧੀ ਪੜਤਾਲ ਕਰਵਾਈ ਗਈ ਤਾਂ ਤਸੱਲੀਬਖ਼ਸ਼ ਜਵਾਬ ਹੀ ਆਇਆ। ਜਦੋਂ ਬੱਚਿਆਂ ਦੀ ਕਾਊਂਸਲਿੰਗ ਕੀਤੀ ਗਈ ਤਾਂ ਇੰਨੇ ਸਾਲ ਮਾਂ ਤੋਂ ਅਲੱਗ ਰਹਿਣ ਕਰਕੇ ਉਨ੍ਹਾਂ ਨੇ ਮਾਂ ਨੂੰ ਪਛਾਨਣ ਅਤੇ ਨਾਲ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਆਪਣੇ ਪਿਤਾ ਤੇ ਦਾਦਾ ਦਾਦੀ ਨਾਲ ਹੀ ਰਹਿਣ ਦੀ ਇੱਛਾ ਜ਼ਾਹਿਰ ਕੀਤੀ। ਦੂਜੇ ਪਾਸੇ ਉਸ ਲੜਕੀ ਕੋਲ ਆਪਣੇ ਬੱਚਿਆਂ ਦੀ ਪਰਵਰਿਸ਼ ਕਰਨ ਅਤੇ ਪੜ੍ਹਾਉਣ ਦੇ ਵੀ ਕੋਈ ਮਾਲੀ ਸਾਧਨ ਨਹੀਂ ਸਨ। ਕੁੜੀ ਮੇਰੇ ਸਾਹਮਣੇ ਬੈਠੀ ਫੁੱਟ ਫੁੱਟ ਰੋ ਰਹੀ ਸੀ। ਉਸ ਦੇ ਮਮਤਾਮਈ ਅੱਥਰੂਆਂ ਨੇ ਸਾਡਾ ਦਿਲ ਵੀ ਪਸੀਜ ਦਿੱਤਾ। ਇਕ ਪਾਸੇ ਮਾਂ ਦੀ ਮਮਤਾ ਸੀ ਤੇ ਦੂਜੇ ਪਾਸੇ ਬੱਚਿਆਂ ਦੀ ਚੰਗੀ ਪਰਵਰਿਸ਼ ਦਾ ਸਵਾਲ। ਮੈਂ ਸੋਚ ਰਿਹਾ ਸਾਂ ਕਿ ਨਿੱਕੀ ਉਮਰੇ ਜਾਂ ਨਾਸਮਝੀ ਵਿਚ ਮਜਬੂਰੀ ਵਸ ਚੁੱਕੇ ਉਸਦੇ ਇਕ ਗਲਤ ਕਦਮ ਨੇ ਉਸਦੀ ਜ਼ਿੰਦਗੀ ਵਿੱਚ ਹਨੇਰਾ ਕਰ ਦਿੱਤਾ ਸੀ। ਉਸ ਦੀ ਮਮਤਾ ਅਤੇ ਪਹਾੜ ਜਿੱਡੀ ਜ਼ਿੰਦਗੀ ਦੇ ਕਈ ਸਵਾਲ ਉਸ ਦੇ ਨੈਣਾਂ ਵਿਚਲੇ ਅੱਥਰੂ ਔਰਤ ਦੀ ਹੋਣੀ ਨੂੰ ਬਿਆਨ ਕਰ ਰਹੇ ਸਨ ।

## ਸਿੱਧੂ ਮੂਸੇਵਾਲਾ ਦੇ ਪਿਤਾ ਦੀ ਪਟੀਸ਼ਨ ਉੱਤੇ ਅਦਾਲਤ ਨੇ ਗੀਤ 'ਜਾਂਦੀ ਵਾਰ' ਦੀ ਰਿਲੀਜ਼ ਰੋਕੀ



ਚੰਡੀਗੜ੍ਹ, 29 ਅਗਸਤ, (ਪੋਸਟ ਬਿਊਰੋ)-ਮਰਹੂਮ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਨਵੇਂ ਪੰਜਾਬੀ ਗੀਤ'ਜਾਂਦੀ ਵਾਰ' ਦੀ ਰਿਲੀਜ਼ ਉੱਤੇ ਅਦਾਲਤ ਨੇ ਰੋਕ ਲਾ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਸਿੱਧੂ ਮੂਸੇਵਾਲਾ ਅਤੇ ਗਾਇਕਾ ਅਫ਼ਸਾਨਾ ਖਾਨ ਨਾਲ ਫਿਲਮਾਇਆ ਗਿਆ ਪੰਜਾਬੀ ਗੀਤ 'ਜਾਂਦੀ ਵਾਰ' 2 ਸਤੰਬਰ ਨੂੰ ਰਿਲੀਜ਼ ਹੋਣ ਦੀ ਜਾਣਕਾਰੀ ਮਿਊਜ਼ਿਕ ਡਾਇਰੈਕਟਰ ਸਲੀਮ ਮਰਚੈਂਟ ਨੇ ਸੋਸ਼ਲ ਮੀਡੀਆ ਉੱਤੇ ਦਿੱਤੀ ਸੀ, ਜਿਸ ਪਿੱਛੋਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਰਿਲੀਜ਼ ਨਾ ਕਰਨ ਦੀ ਅਪੀਲ ਕੀਤੀ ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅਦਾਲਤ ਨੂੰ ਅਰਜ਼ੀ ਵੀ ਦਿੱਤੀ ਸੀ। ਮਾਨਸਾ ਦੀ ਅਦਾਲਤ ਨੇ ਗੀਤ ਦੀ ਰਿਲੀਜ਼ਰੋਕ ਦਿੱਤੀ ਅਤੇ ਮਿਊਜ਼ਿਕ ਡਾਇਰੈਕਟਰ ਸਲੀਮ ਮਰਚੈਂਟ ਨੇ ਵੀ ਰਿਲੀਜ਼ ਨਾ ਕਰਨ ਦੀ ਗੱਲ ਕਹੀ ਹੈ।

ਬਾਲੀਵੁੱਡ ਦੇ ਵੱਡੇ ਮਿਊਜ਼ਿਕ ਡਾਇਰੈਕਟਰ ਸਲੀਮ ਮਰਚੈਂਟ ਨੇ ਗੀਤ ਦੀ ਰਿਲੀਜ਼ ਟਾਲਣ ਦਾ ਇਹ ਕਦਮ ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਅਪੀਲ ਉੱਤੇ ਚੁੱਕਿਆ ਅਤੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਕਿਹਾ ਹੈ ਕਿ ਉਹ ਹਾਲੇ ਇਹ ਗੀਤ ਰਿਲੀਜ਼ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਮੂਸੇਵਾਲਾ ਦੇ ਮਾਪਿਆਂ ਨੂੰ ਨਾਰਾਜ਼ ਨਹੀਂ ਕਰਨਗੇ।

ਸਿੱਧੂ ਮੂਸੇਵਾਲਾ ਤੇ ਅਫ਼ਸਾਨਾ ਖਾਨ ਵੱਲੋਂ ਗਾਇਆ ਗੀਤ 'ਜਾਂਦੀ ਵਾਰ' 2 ਸਤੰਬਰ ਨੂੰ ਰਿਲੀਜ਼ ਕਰਨ ਤੋਂ ਕਾਫ਼ੀ ਵਿਵਾਦ ਸੀ। ਜਦੋਂ ਮਰਚੈਂਟ ਨੇ ਗੀਤ ਦੀ ਰਿਲੀਜ਼ ਦਾ ਐਲਾਨ ਕੀਤਾ ਤਾਂ ਪੰਜਾਬੀ ਇੰਡਸਟਰੀ ਦੇ ਇੱਕ ਵੱਡੇ ਗੀਤਕਾਰ ਤੇ ਲੇਖਕ ਬੰਟੀ ਬੈਂਸ ਨੇ ਮਰਚੈਂਟ ਦੇ ਨਾਂ ਲੰਬੀ ਚੌੜੀ ਪੋਸਟ ਰਾਹੀਂ ਸਲੀਮ ਮਰਚੈਂਟ ਦੇ ਫ਼ੈਸਲੇ ਬਾਰੇ ਸਵਾਲ ਚੁੱਕੇ ਤੇ ਕਿਹਾ ਸੀ ਕਿ ਮੂਸੇਵਾਲਾ ਦੇ 40-50 ਕਰੀਬ ਗੀਤ ਰਿਲੀਜ਼ ਲਈ ਪੈਂਡਿੰਗ ਹਨ ਤੇ ਸਭ ਮਿਊਜ਼ਿਕ ਕੰਪਨੀਆਂ ਨੇ ਮੂਸੇਵਾਲਾ ਦੇ ਪਰਿਵਾਰ ਨੂੰ ਦੇ ਦਿਤੇ ਹਨ ਤਾਂ ਮਰਚੈਂਟ ਨੂੰ ਵੀ ਮੂਸੇਵਾਲਾ ਪਰਿਵਾਰ ਦੀ ਗੱਲ ਮੰਨਣੀ ਚਾਹੀਦੀ ਹੈ। ਗੀਤ ਬਾਰੇ ਮੂਸੇਵਾਲਾ ਦੇ ਪਰਿਵਾਰ ਨੇ ਵੀ ਇਤਰਾਜ਼ ਕੀਤਾ ਤੇਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਏਥੋਂ ਤੱਕ ਕਿਹਾ ਸੀ ਕਿ ਮਰਚੈਂਟ ਉਨ੍ਹਾਂ ਦੀ ਅਪੀਲ ਨਾ ਮੰਨਣਗੇ ਤਾਂ ਉਹ ਕੋਰਟ ਦਾ ਸਹਾਰਾ ਲੈ ਸਕਦੇ ਹਨ।




# MPP Nina Tangri hosts a very successful annual barbecue







By: Surjit Singh Flora: Today, Nina Tangri, MPP Mississauga-Streetsville held a very successful Annual Community BBQ at Streetsville Memorial Park.

MPP Tangri was able to meet and speak with approximately hundreds of her constituents including families, organizations, and students from her riding. The attendees were able to participate in delicious food while face painting for the kids. Also, local Mississauga chines dance group and singers Entertainment Tangri's guest with special dance , signing and playing guitar.

Also, for Health presentations, information for various community organizations, Royal Canadian Army Cadets booths were very informative.

Nina Tangri commented, "This is a great event for the community to come out and have fun. It shows the vibrancy of Streetsville Mississauga and really highlights why Streetsville even the whole Mississauga is the best place to live, learn, work, and play!"

"It was a great day, a total success," Tangri said. "We were certainly lucky with the weather, everyone had a fun time, and we had a wonderful turnout of both adults and children."

Tangri's 2-4 event, with guests being treated to hot dogs, burgers (both beef and vegetarian), cold drinks and desserts.

There was more than just food and fun, however. MP Tangri views this event as a chance to get important and immediate feedback from her constituents.

"We want to hear how people think we're doing in the community," Tangri said. "We want to hear what people see as the issues that are affecting them. Chatting with folks today, the feedback was very positive.

MPP Tangri also said she's very thankful for all those who joined as a volunteer her BBQ and make it very successful.

# ਅਪਰਾਧ ਅਤੇ ਨਸ਼ਿਆਂ ਵਿਚਕਾਰ ਹਜ਼ਾਰਾਂ ਸਬੰਧ



ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਮੁੱਖ ਕਾਰਨ ਹਾਣੀਆਂ ਦੀ ਸਵੀਕ੍ਰਿਤੀ, ਵਧਿਆ ਹੋਇਆ ਆਰਥਿਕ ਤਣਾਅ, ਸੱਭਿਆਚਾਰਕ ਕਦਰਾਂ-ਕੀਮਤਾਂ ਵਿੱਚ ਬਦਲਾਅ, ਨਿਊਰੋਟਿਕ ਆਨੰਦ ਅਤੇ ਬੇਅਸਰ ਪੁਲਿਸਿੰਗ ਹਨ। ਇਸੇ ਲਈ ਹਾਲ ਹੀ ਵਿੱਚ ਸੁਸ਼ਾਂਤ ਰਾਜਪੂਤ ਤੋਂ ਬਾਅਦ ਭਾਰਤ ਦੀ ਸੋਸ਼ਲ ਮੀਡੀਆ ਸਟਾਰ ਸੋਨਾਲੀ ਫੋਗਾਟ ਨੂੰ ਬੇਵਕਤੀ ਮੌਤ ਦਾ ਸ਼ਿਕਾਰ ਹੋਣਾ ਪਿਆ ਹੈ। ਕਾਰਨ ਜੋ ਵੀ ਹੋਵੇ, ਨਸ਼ੇ ਨੇ ਦੋਹਾਂ ਦੀ ਜਾਨ ਲੈ ਲਈ। ਭਾਰਤ ਵਿੱਚ ਨਸ਼ੇ ਦੇ ਮਾਮਲੇ ਅਤੇ ਸੰਖਿਆ ਦਿਨੋਂ ਦਿਨ ਵੱਧ ਰਹੀ ਹੈ। ਨਸ਼ੇ ਦੀ ਦੁਰਵਰਤੋਂ ਸਾਡੀ ਸਿਹਤ, ਸੁਰੱਖਿਆ, ਸ਼ਾਂਤੀ ਅਤੇ ਵਿਕਾਸ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥ ਹਾਦਸਿਆਂ, ਘਰੇਲੂ ਹਿੰਸਾ ਦੀਆਂ ਘਟਨਾਵਾਂ, ਡਾਕਟਰੀ ਸਮੱਸਿਆਵਾਂ ਅਤੇ ਮੌਤ ਦੇ ਨਾਲ-ਨਾਲ ਆਰਥਿਕ ਸਮਰੱਥਾ ਨੂੰ ਬਰਬਾਦ ਕਰਨ ਦੇ ਵਧੇਰੇ ਜੋਖਮ ਦਾ ਕਾਰਨ ਬਣਦੇ ਹਨ। ਨਸ਼ੀਲੇ ਪਦਾਰਥਾਂ ਦੀ ਨਿਰਭਰਤਾ, ਘੱਟ ਸਵੈ-ਮਾਣ, ਡਿਪਰੈਸ਼ਨ ਅਪਰਾਧਿਕ ਕਾਰਵਾਈਆਂ ਅਤੇ ਇੱਥੋਂ ਤੱਕ ਕਿ ਆਤਮਘਾਤੀ ਪ੍ਰਵਿਰਤੀਆਂ ਦਾ ਕਾਰਨ ਬਣ ਸਕਦਾ ਹੈ। ਲੋਕਾਂ ਨੂੰ ਨਸ਼ੀਲੇ ਪਦਾਰਥਾਂ ਦੇ ਕਬਜ਼ੇ ਲਈ ਅਦਾਲਤ ਵਿੱਚ ਭੇਜਣ ਦੀ ਬਜਾਏ, ਇਸਦਾ ਮਾਡਲ ਸਿੱਖਿਆ, ਇਲਾਜ ਅਤੇ ਨੁਕਸਾਨ ਘਟਾਉਣ 'ਤੇ ਕੇਂਦਰਿਤ ਹੈ।

-ਡਾ. ਸਤਿਆਵਾਨ 'ਸੌਰਭ'

ਅਪਰਾਧ ਅਤੇ ਨਸ਼ੇ ਕਈ ਤਰੀਕਿਆਂ ਨਾਲ ਸਬੰਧਤ ਹੋ ਸਕਦੇ ਹਨ। ਪਹਿਲਾਂ, ਨਸ਼ੀਲੇ ਪਦਾਰਥਾਂ ਦਾ ਗੈਰ-ਕਾਨੂੰਨੀ ਉਤਪਾਦਨ, ਨਿਰਮਾਣ, ਵੰਡ ਜਾਂ ਕਬਜ਼ਾ ਕਰਨਾ ਅਪਰਾਧ ਹੋ ਸਕਦਾ ਹੈ। ਦੂਜਾ, ਨਸ਼ੇ ਹੋਰ, ਗੈਰ-ਡਰੱਗ ਅਪਰਾਧ ਹੋਣ ਦੀ ਸੰਭਾਵਨਾ ਨੂੰ ਵਧਾ ਸਕਦੇ ਹਨ। ਤੀਜਾ, ਨਸ਼ੇ ਦੀ ਵਰਤੋਂ ਪੈਸੇ ਕਮਾਉਣ ਲਈ ਕੀਤੀ ਜਾ ਸਕਦੀ ਹੈ। ਚੌਥਾ, ਨਸ਼ਿਆਂ ਨੂੰ ਹੋਰ ਵੱਡੀਆਂ ਸਮੱਸਿਆਵਾਂ ਨਾਲ ਨੇੜਿਓਂ ਜੋੜਿਆ ਜਾ ਸਕਦਾ ਹੈ, ਜਿਵੇਂ ਕਿ ਕਤਲ, ਬੰਦੂਕਾਂ ਦੀ ਗੈਰ-ਕਾਨੂੰਨੀ ਵਰਤੋਂ, ਹਿੰਸਾ ਦੇ ਵੱਖ-ਵੱਖ ਰੂਪਾਂ ਅਤੇ ਅੱਤਵਾਦ। ਕੀ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਵਰਤੋਂ ਨੂੰ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ, ਨਸ਼ਾਖੋਰੀ ਦਾ ਕਾਰਨ ਕੀ ਹੈ ਅਤੇ ਆਖਿਰਕਾਰ ਕੌਣ ਜ਼ਿੰਮੇਵਾਰ ਹੈ?

ਪ੍ਰਵਾਨਿਤ ਸਮਾਜਿਕ ਸਥਿਤੀ ਅਤੇ ਅਪਰਾਧ ਦੇ ਸਬੰਧ ਵਿੱਚ ਇੱਕ ਨਿਰੰਤਰਤਾ ਮੌਜੂਦ ਹੈ। ਇੱਕ ਪਾਸੇ ਕਾਨੂੰਨ ਦੀ ਪਾਲਣਾ ਕਰਨ ਵਾਲਾ ਵਿਵਹਾਰ ਹੈ ਅਤੇ ਦੂਜੇ ਪਾਸੇ ਅਪਰਾਧਿਕ ਗਤੀਵਿਧੀਆਂ। ਇਹਨਾਂ ਦੋ ਹੱਦਾਂ ਦੇ ਵਿਚਕਾਰ ਭਟਕਣਾ ਵਾਲਾ ਵਿਵਹਾਰ ਅਤੇ ਅਪਰਾਧ ਹੈ। ਨਸ਼ਿਆਂ ਦੀ ਵਰਤੋਂ ਕਰਨ ਵਾਲੇ ਬਹੁਤ ਸਾਰੇ ਹਾਸ਼ੀਏ ਵਾਲੇ ਵਿਅਕਤੀ ਅਪਰਾਧੀ ਨਹੀਂ ਬਣਦੇ। ਸੰਯੁਕਤ ਰਾਸ਼ਟਰ ਆਫਿਸ ਔਨ ਡਰੱਗਜ਼ ਐਂਡ ਕ੍ਰਾਈਮ (ਯੂ.ਐਨ.ਓ.ਡੀ.ਸੀ.) ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਸਦੀਆਂ ਪੁਰਾਣੇ ਕੈਨਾਬਿਸ ਤੋਂ ਲੈ ਕੇ ਟਰਾਮਾਡੋਲ ਵਰਗੀਆਂ ਨਵੀਆਂ ਨਸ਼ੀਲੀਆਂ ਦਵਾਈਆਂ ਅਤੇ ਮੇਥਾਮਫੇਟਾਮਾਈਨ (ਜੋ ਕਿ ਹਾਲ ਹੀ ਵਿੱਚ ਸੀ. ਸੋਨਾਲੀ ਫੋਗਾਟ ਦਾ ਕਤਲ) ਇਹਨਾਂ ਵਿੱਚੋਂ ਇੱਕ ਹੈ।

ਨਸ਼ੀਲੇ ਪਦਾਰਥਾਂ ਦੇ ਵਪਾਰ ਤੋਂ ਪ੍ਰਾਪਤ ਹੋਣ ਵਾਲੇ ਪੈਸੇ ਦੀ ਵਰਤੋਂ ਅੱਤਵਾਦ, ਮਨੁੱਖੀ ਤਸਕਰੀ, ਗੈਰ-ਕਾਨੂੰਨੀ ਕਾਰੋਬਾਰਾਂ ਆਦਿ ਨੂੰ ਵਿੱਤ ਦੇਣ ਲਈ ਕੀਤੀ ਜਾਂਦੀ ਹੈ। ਭਾਰਤ ਦੁਨੀਆ ਦੇ ਦੋ ਵੱਡੇ ਗੈਰ-ਕਾਨੂੰਨੀ ਅਫੀਮ ਉਤਪਾਦਕ ਖੇਤਰਾਂ ਦੇ ਵਿਚਕਾਰ ਸਥਿਤ ਹੈ, ਪੱਛਮ ਵਿੱਚ ਗੋਲਡਨ ਕ੍ਰੈਸੈਂਟ ਅਤੇ ਪੂਰਬ ਵਿੱਚ ਗੋਲਡਨ ਟ੍ਰਾਈਐਂਗਲ ਇਸ ਨੂੰ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਦਾ ਇੱਕ ਵਿਹਾਰਕ ਕੇਂਦਰ ਬਣਾਉਂਦਾ ਹੈ। ਸੁਨਹਿਰੀ ਤਿਕੋਣ ਵਿੱਚ ਮਿਆਂਮਾਰ, ਲਾਓਸ ਅਤੇ ਥਾਈਲੈਂਡ ਦੇ ਖੇਤਰ ਸ਼ਾਮਲ ਹਨ ਅਤੇ ਇਹ ਦੱਖਣ-ਪੂਰਬੀ ਏਸ਼ੀਆ ਦਾ ਮੁੱਖ ਅਫੀਮ ਉਤਪਾਦਕ ਖੇਤਰ ਹੈ ਅਤੇ ਯੂਰਪ ਅਤੇ ਉੱਤਰੀ ਅਮਰੀਕਾ ਲਈ ਸਭ ਤੋਂ ਪੁਰਾਣੇ ਡਰੱਗ ਸਪਲਾਈ ਰੂਟਾਂ ਵਿੱਚੋਂ ਇੱਕ ਹੈ। ਗੋਲਡਨ ਕ੍ਰੀਸੈਂਟ ਵਿੱਚ ਅਫਗਾਨਿਸਤਾਨ, ਈਰਾਨ ਅਤੇ ਪਾਕਿਸਤਾਨ ਸ਼ਾਮਲ ਹਨ ਅਤੇ ਅਫੀਮ ਦੇ ਉਤਪਾਦਨ ਅਤੇ ਵੰਡ ਲਈ ਇੱਕ ਪ੍ਰਮੁੱਖ ਗਲੋਬਲ ਸਾਈਟ ਹੈ।

ਲੋਕਾਂ ਨੂੰ ਨਸ਼ੀਲੇ ਪਦਾਰਥਾਂ ਦੇ ਕਬਜ਼ੇ ਲਈ ਅਦਾਲਤ ਵਿੱਚ ਭੇਜਣ ਦੀ ਬਜਾਏ, ਇਸਦਾ ਮਾਡਲ ਸਿੱਖਿਆ, ਇਲਾਜ ਅਤੇ ਨੁਕਸਾਨ ਘਟਾਉਣ 'ਤੇ ਕੇਂਦਰਿਤ ਹੈ। ਪਿਛਲੇ ਸਾਲ ਦੁਨੀਆ ਭਰ ਵਿੱਚ ਲਗਭਗ 275 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ। 36 ਮਿਲੀਅਨ ਤੋਂ ਵੱਧ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਜ਼ਿਆਦਾਤਰ ਦੇਸ਼ਾਂ ਦੁਆਰਾ ਮਹਾਂਮਾਰੀ ਦੌਰਾਨ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸੇ ਅਰਸੇ ਦੌਰਾਨ ਚਿਕਿਤਸਕ ਦਵਾਈਆਂ ਦੀ ਗੈਰ-ਮੈਡੀਕਲ ਵਰਤੋਂ ਵੀ ਦੇਖੀ ਗਈ। ਨਵੀਨਤਮ ਗਲੋਬਲ ਅਨੁਮਾਨਾਂ ਦਾ ਕਹਿਣਾ ਹੈ ਕਿ 15 ਤੋਂ 64 ਸਾਲ ਦੀ ਉਮਰ ਦੇ ਵਿਚਕਾਰ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਡਰੱਗ ਦੀ ਵਰਤੋਂ ਕੀਤੀ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਵਿਸ਼ਵ ਪੱਧਰ 'ਤੇ 11 ਮਿਲੀਅਨ ਤੋਂ ਵੱਧ ਲੋਕ ਨਸ਼ੇ ਦਾ ਟੀਕਾ ਲਗਾਉਂਦੇ ਹਨ - ਉਨ੍ਹਾਂ ਵਿੱਚੋਂ ਅੱਧੇ ਨੂੰ ਹੈਪੇਟਾਈਟਸ ਸੀ ਹੈ।

ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਮੁੱਖ ਕਾਰਨ ਹਾਣੀਆਂ ਦੀ ਸਵੀਕ੍ਰਿਤੀ, ਵਧ ਰਿਹਾ ਆਰਥਿਕ ਤਣਾਅ, ਸੱਭਿਆਚਾਰਕ ਕਦਰਾਂ-ਕੀਮਤਾਂ ਵਿੱਚ ਬਦਲਾਅ, ਨਿਊਰੋਟਿਕ ਆਨੰਦ ਅਤੇ ਬੇਅਸਰ ਪੁਲਿਸਿੰਗ ਹਨ। ਇਸੇ ਲਈ ਹਾਲ ਹੀ ਵਿੱਚ ਸੁਸ਼ਾਂਤ ਰਾਜਪੂਤ ਤੋਂ ਬਾਅਦ ਭਾਰਤ ਦੀ ਸੋਸ਼ਲ ਮੀਡੀਆ ਸਟਾਰ ਸੋਨਾਲੀ ਫੋਗਾਟ ਨੂੰ ਬੇਵਕਤੀ ਮੌਤ ਦਾ ਸ਼ਿਕਾਰ ਹੋਣਾ ਪਿਆ ਹੈ। ਕਾਰਨ ਜੋ ਵੀ ਹੋਵੇ, ਨਸ਼ੇ ਨੇ ਦੋਹਾਂ ਦੀ ਜਾਨ ਲੈ ਲਈ। ਭਾਰਤ ਵਿੱਚ ਨਸ਼ੇ ਦੇ ਮਾਮਲੇ ਅਤੇ ਸੰਖਿਆ ਦਿਨੋਂ ਦਿਨ ਵੱਧ ਰਹੀ ਹੈ। ਨਸ਼ੇ ਦੀ ਦੁਰਵਰਤੋਂ ਸਾਡੀ ਸਿਹਤ, ਸੁਰੱਖਿਆ, ਸ਼ਾਂਤੀ ਅਤੇ



ਵਿਕਾਸ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥ ਹਾਦਸਿਆਂ, ਘਰੇਲੂ ਹਿੰਸਾ ਦੀਆਂ ਘਟਨਾਵਾਂ, ਡਾਕਟਰੀ ਸਮੱਸਿਆਵਾਂ ਅਤੇ ਮੌਤ ਦੇ ਨਾਲ-ਨਾਲ ਆਰਥਿਕ ਸਮਰੱਥਾ ਨੂੰ ਬਰਬਾਦ ਕਰਨ ਦੇ ਵਧੇਰੇ ਜੋਖਮ ਦਾ ਕਾਰਨ ਬਣਦੇ ਹਨ। ਨਸ਼ੀਲੇ ਪਦਾਰਥਾਂ ਦੀ ਨਿਰਭਰਤਾ, ਘੱਟ ਸਵੈ-ਮਾਣ, ਡਿਪਰੈਸ਼ਨ ਅਪਰਾਧਿਕ ਕਾਰਵਾਈਆਂ ਅਤੇ ਇੱਥੋਂ ਤੱਕ ਕਿ ਆਤਮਘਾਤੀ ਪ੍ਰਵਿਰਤੀਆਂ ਦਾ ਕਾਰਨ ਬਣ ਸਕਦਾ ਹੈ।

ਨਸ਼ੀਲੇ ਪਦਾਰਥਾਂ ਦੇ ਖਤਰਿਆਂ ਨੂੰ ਰੋਕਣ ਲਈ ਚੁਣੌਤੀਆਂ ਕਾਨੂੰਨੀ ਤੌਰ 'ਤੇ ਉਪਲਬਧ ਨਸ਼ੀਲੀਆਂ ਦਵਾਈਆਂ ਜਿਵੇਂ ਕਿ ਤੰਬਾਕੂ ਦੀ ਇੱਕ ਵੱਡੀ ਸਮੱਸਿਆ ਨੂੰ ਆਮ ਤੌਰ 'ਤੇ ਇੱਕ ਗੇਟਵੇ ਡਰੱਗ ਵਜੋਂ ਦੇਖਿਆ ਜਾਂਦਾ ਹੈ ਜੋ ਬੱਚੇ ਸਿਰਫ਼ ਵਰਤੋਂ ਲਈ ਲੈਂਦੇ ਹਨ। ਮੁੜ ਵਸੇਬਾ ਕੇਂਦਰਾਂ ਦੀ ਘਾਟ ਹੈ। ਇਸ ਤੋਂ ਇਲਾਵਾ, ਦੇਸ਼ ਵਿੱਚ ਨਸ਼ਾ ਛੁਡਾਊ ਕੇਂਦਰ ਚਲਾਉਣ ਵਾਲੇ ਗੈਰ ਸਰਕਾਰੀ ਸੰਗਠਨ ਲੋੜੀਂਦੇ ਇਲਾਜ ਅਤੇ ਥੈਰੇਪੀ ਮੁਹੱਈਆ ਕਰਵਾਉਣ ਵਿੱਚ ਅਸਫਲ ਰਹੇ ਹਨ। ਪੰਜਾਬ, ਅਸਾਮ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੁੰਦੀ ਹੈ, ਜੋ ਗੁਆਂਢੀ ਦੇਸ਼ਾਂ ਨਾਲ ਸਰਹੱਦਾਂ ਸਾਂਝੀਆਂ ਕਰਦੇ ਹਨ।

ਲੋਕਾਂ ਨੂੰ ਨਸ਼ੀਲੇ ਪਦਾਰਥਾਂ ਦੇ ਕਬਜ਼ੇ ਲਈ ਅਦਾਲਤ ਵਿੱਚ ਭੇਜਣ ਦੀ ਬਜਾਏ, ਇਸਦਾ ਮਾਡਲ ਸਿੱਖਿਆ, ਇਲਾਜ ਅਤੇ ਨੁਕਸਾਨ ਘਟਾਉਣ 'ਤੇ ਕੇਂਦਰਿਤ ਹੈ। ਪਿਛਲੇ ਸਾਲ ਦੁਨੀਆ ਭਰ ਵਿੱਚ ਲਗਭਗ 275 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ। 36 ਮਿਲੀਅਨ ਤੋਂ ਵੱਧ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਜ਼ਿਆਦਾਤਰ ਦੇਸ਼ਾਂ ਦੁਆਰਾ ਮਹਾਂਮਾਰੀ ਦੌਰਾਨ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸੇ ਅਰਸੇ ਦੌਰਾਨ ਚਿਕਿਤਸਕ ਦਵਾਈਆਂ ਦੀ ਗੈਰ-ਮੈਡੀਕਲ ਵਰਤੋਂ ਵੀ ਦੇਖੀ ਗਈ। ਨਵੀਨਤਮ ਗਲੋਬਲ ਅਨੁਮਾਨਾਂ ਦਾ ਕਹਿਣਾ ਹੈ ਕਿ 15 ਤੋਂ 64 ਸਾਲ ਦੀ ਉਮਰ ਦੇ ਵਿਚਕਾਰ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਡਰੱਗ ਦੀ ਵਰਤੋਂ ਕੀਤੀ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਵਿਸ਼ਵ ਪੱਧਰ 'ਤੇ 11 ਮਿਲੀਅਨ ਤੋਂ ਵੱਧ ਲੋਕ ਨਸ਼ੇ ਦਾ ਟੀਕਾ ਲਗਾਉਂਦੇ ਹਨ - ਉਨ੍ਹਾਂ ਵਿੱਚੋਂ ਅੱਧੇ ਨੂੰ ਹੈਪੇਟਾਈਟਸ ਸੀ ਹੈ।

ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਮੁੱਖ ਕਾਰਨ ਹਾਣੀਆਂ ਦੀ ਸਵੀਕ੍ਰਿਤੀ, ਵਧ ਰਿਹਾ ਆਰਥਿਕ ਤਣਾਅ, ਸੱਭਿਆਚਾਰਕ ਕਦਰਾਂ-ਕੀਮਤਾਂ ਵਿੱਚ ਬਦਲਾਅ, ਨਿਊਰੋਟਿਕ ਆਨੰਦ ਅਤੇ ਬੇਅਸਰ ਪੁਲਿਸਿੰਗ ਹਨ। ਇਸੇ ਲਈ ਹਾਲ ਹੀ ਵਿੱਚ ਸੁਸ਼ਾਂਤ ਰਾਜਪੂਤ ਤੋਂ ਬਾਅਦ ਭਾਰਤ ਦੀ ਸੋਸ਼ਲ ਮੀਡੀਆ ਸਟਾਰ ਸੋਨਾਲੀ ਫੋਗਾਟ ਨੂੰ ਬੇਵਕਤੀ ਮੌਤ ਦਾ ਸ਼ਿਕਾਰ ਹੋਣਾ ਪਿਆ ਹੈ। ਕਾਰਨ ਜੋ ਵੀ ਹੋਵੇ, ਨਸ਼ੇ ਨੇ ਦੋਹਾਂ ਦੀ ਜਾਨ ਲੈ ਲਈ। ਭਾਰਤ ਵਿੱਚ ਨਸ਼ੇ ਦੇ ਮਾਮਲੇ ਅਤੇ ਸੰਖਿਆ ਦਿਨੋਂ ਦਿਨ ਵੱਧ ਰਹੀ ਹੈ। ਨਸ਼ੇ ਦੀ ਦੁਰਵਰਤੋਂ ਸਾਡੀ ਸਿਹਤ, ਸੁਰੱਖਿਆ, ਸ਼ਾਂਤੀ ਅਤੇ ਵਿਕਾਸ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥ ਹਾਦਸਿਆਂ, ਘਰੇਲੂ ਹਿੰਸਾ ਦੀਆਂ ਘਟਨਾਵਾਂ, ਡਾਕਟਰੀ ਸਮੱਸਿਆਵਾਂ ਅਤੇ ਮੌਤ ਦੇ ਨਾਲ-ਨਾਲ ਆਰਥਿਕ ਸਮਰੱਥਾ ਨੂੰ ਬਰਬਾਦ ਕਰਨ ਦੇ ਵਧੇਰੇ ਜੋਖਮ ਦਾ ਕਾਰਨ ਬਣਦੇ ਹਨ। ਨਸ਼ੀਲੇ ਪਦਾਰਥਾਂ ਦੀ ਨਿਰਭਰਤਾ, ਘੱਟ ਸਵੈ-ਮਾਣ, ਡਿਪਰੈਸ਼ਨ ਅਪਰਾਧਿਕ ਕਾਰਵਾਈਆਂ ਅਤੇ ਇੱਥੋਂ ਤੱਕ ਕਿ ਆਤਮਘਾਤੀ ਪ੍ਰਵਿਰਤੀਆਂ ਦਾ ਕਾਰਨ ਬਣ ਸਕਦਾ ਹੈ।

ਨਸ਼ੀਲੇ ਪਦਾਰਥਾਂ ਦੇ ਖਤਰਿਆਂ ਨੂੰ ਰੋਕਣ ਲਈ ਚੁਣੌਤੀਆਂ ਕਾਨੂੰਨੀ ਤੌਰ 'ਤੇ ਉਪਲਬਧ ਨਸ਼ੀਲੀਆਂ ਦਵਾਈਆਂ ਜਿਵੇਂ ਕਿ ਤੰਬਾਕੂ ਦੀ ਇੱਕ ਵੱਡੀ ਸਮੱਸਿਆ ਨੂੰ ਆਮ ਤੌਰ 'ਤੇ ਇੱਕ ਗੇਟਵੇ ਡਰੱਗ ਵਜੋਂ ਦੇਖਿਆ ਜਾਂਦਾ ਹੈ ਜੋ ਬੱਚੇ ਸਿਰਫ਼ ਵਰਤੋਂ ਲਈ ਲੈਂਦੇ ਹਨ। ਮੁੜ ਵਸੇਬਾ ਕੇਂਦਰਾਂ ਦੀ ਘਾਟ ਹੈ। ਇਸ ਤੋਂ ਇਲਾਵਾ, ਦੇਸ਼ ਵਿੱਚ ਨਸ਼ਾ ਛੁਡਾਊ ਕੇਂਦਰ ਚਲਾਉਣ ਵਾਲੇ ਗੈਰ ਸਰਕਾਰੀ ਸੰਗਠਨ ਲੋੜੀਂਦੇ ਇਲਾਜ ਅਤੇ ਥੈਰੇਪੀ ਮੁਹੱਈਆ ਕਰਵਾਉਣ ਵਿੱਚ ਅਸਫਲ ਰਹੇ ਹਨ। ਪੰਜਾਬ, ਅਸਾਮ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੁੰਦੀ ਹੈ, ਜੋ ਗੁਆਂਢੀ ਦੇਸ਼ਾਂ ਨਾਲ ਸਰਹੱਦਾਂ ਸਾਂਝੀਆਂ ਕਰਦੇ ਹਨ।

ਨਸ਼ਾਖੋਰੀ ਦਾ ਮੁਕਾਬਲਾ ਕਰਨ ਲਈ ਸਰਕਾਰ ਦੀ ਪਹਿਲਕਦਮੀ ਦੇ ਬਾਅਦ, ਇਸਨੇ ਨਵੰਬਰ 2016 ਵਿੱਚ ਇੱਕ ਨਾਰਕੋ-ਕੋਆਰਡੀਨੇਸ਼ਨ ਸੈਂਟਰ (ਐਨਸੀਓਆਰਡੀ) ਦੀ ਸਥਾਪਨਾ ਕੀਤੀ ਅਤੇ "ਨਾਰਕੋਟਿਕਸ ਕੰਟਰੋਲ ਲਈ ਰਾਜਾਂ ਨੂੰ ਵਿੱਤੀ ਸਹਾਇਤਾ" ਦੀ ਯੋਜਨਾ ਨੂੰ ਮੁੜ ਸੁਰਜੀਤ ਕੀਤਾ। ਨਾਰਕੋਟਿਕਸ ਕੰਟਰੋਲ ਬਿਊਰੋ ਨੂੰ ਇੱਕ ਨਵਾਂ ਸਾਫਟਵੇਅਰ ਵਿਕਸਿਤ ਕਰਨ ਲਈ ਫੰਡ ਮੁਹੱਈਆ ਕਰਵਾਏ ਗਏ ਹਨ, ਜਿਵੇਂ ਕਿ ਜ਼ਬਤ ਸੂਚਨਾ ਪ੍ਰਬੰਧਨ ਸਿਸਟਮ () ਜੋ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਅਤੇ ਅਪਰਾਧੀਆਂ ਦਾ ਇੱਕ ਪੂਰਾ ਔਨਲਾਈਨ ਡਾਟਾਬੇਸ ਤਿਆਰ ਕਰੇਗਾ। ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਟਰੈਫਿਕ ਨੂੰ ਰੋਕਣ ਲਈ ਕੀਤੇ ਗਏ ਖਰਚਿਆਂ ਨੂੰ ਪੂਰਾ ਕਰਨ ਲਈ "ਨਸ਼ੇ ਦੀ ਦੁਰਵਰਤੋਂ ਦੇ ਨਿਯੰਤਰਣ ਲਈ ਰਾਸ਼ਟਰੀ ਫੰਡ" ਨਾਮਕ ਇੱਕ ਫੰਡ ਸਥਾਪਤ ਕੀਤਾ ਹੈ; ਨਸ਼ੇੜੀਆਂ ਦਾ ਪੁਨਰਵਾਸ, ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਆਦਿ।

ਸਰਕਾਰ ਏਮਜ਼ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟ੍ਰੀਟਮੈਂਟ ਸੈਂਟਰ ਦੀ ਮਦਦ ਨਾਲ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੁਆਰਾ ਭਾਰਤ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਰੁਝਾਨਾਂ ਨੂੰ ਮਾਪਣ ਲਈ ਇੱਕ ਰਾਸ਼ਟਰੀ ਡਰੱਗ ਅਬਿਊਜ਼ ਸਰਵੇ ਵੀ ਕਰਵਾ ਰਹੀ ਹੈ। 'ਪ੍ਰੋਜੈਕਟ ਸਨਰਾਈਜ਼' ਭਾਰਤ ਦੇ ਉੱਤਰ-ਪੂਰਬੀ ਰਾਜਾਂ, ਖਾਸ ਤੌਰ 'ਤੇ ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣ ਵਾਲੇ ਲੋਕਾਂ ਵਿੱਚ ਐੱਚਆਈਵੀ ਦੇ ਵੱਧ ਰਹੇ ਪ੍ਰਸਾਰ ਨਾਲ ਨਜਿੱਠਣ ਲਈ 2016 ਵਿੱਚ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੁਆਰਾ ਸ਼ੁਰੂ ਕੀਤਾ ਗਿਆ ਸੀ। ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ, (ਐਨਡੀਪੀਐਸ) 1985 ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਨਸ਼ੀਲੇ ਪਦਾਰਥ ਜਾਂ ਮਨੋਵਿਗਿਆਨਕ ਪਦਾਰਥਾਂ ਦੇ ਉਤਪਾਦਨ, ਕੋਲ ਰੱਖਣ, ਵੇਚਣ, ਖਰੀਦਣ, ਲਿਜਾਣ, ਸਟੋਰ ਕਰਨ ਅਤੇ/ਜਾਂ ਸੇਵਨ ਕਰਨ ਤੋਂ ਮਨ੍ਹਾ ਕਰਦਾ ਹੈ। 1988, 2001 ਅਤੇ 2014 ਵਿੱਚ - ਐਕਟ ਵਿੱਚ ਉਦੋਂ ਤੋਂ ਤਿੰਨ ਵਾਰ ਸੋਧ ਕੀਤੀ ਗਈ ਹੈ। ਇਹ ਐਕਟ ਪੂਰੇ ਭਾਰਤ ਵਿੱਚ ਵਿਸਤ੍ਰਿਤ ਹੈ ਅਤੇ ਭਾਰਤ ਤੋਂ ਬਾਹਰ ਸਾਰੇ ਭਾਰਤੀ ਨਾਗਰਿਕਾਂ ਅਤੇ ਭਾਰਤ ਵਿੱਚ ਰਜਿਸਟਰਡ ਜਹਾਜ਼ਾਂ ਅਤੇ ਜਹਾਜ਼ਾਂ ਦੇ ਸਾਰੇ ਵਿਅਕਤੀਆਂ 'ਤੇ ਲਾਗੂ ਹੁੰਦਾ ਹੈ।

ਸਰਕਾਰ ਨੇ 'ਨਸ਼ਾ ਮੁਕਤ ਭਾਰਤ', ਜਾਂ ਨਸ਼ਾ ਮੁਕਤ ਭਾਰਤ ਮੁਹਿੰਮ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਹੈ ਜੋ ਕਮਿਊਨਿਟੀ ਆਊਟਰੀਚ ਪ੍ਰੋਗਰਾਮਾਂ 'ਤੇ ਕੇਂਦਰਿਤ ਹੈ। ਨਸ਼ੇ ਨੂੰ ਇੱਕ ਚਰਿੱਤਰ ਦੀ ਕਮੀ ਦੇ ਤੌਰ ਤੇ ਨਹੀਂ ਦੇਖਿਆ ਜਾਣਾ ਚਾਹੀਦਾ ਹੈ, ਪਰ ਇੱਕ ਬਿਮਾਰੀ ਦੇ ਰੂਪ ਵਿੱਚ ਜਿਸ ਨਾਲ ਕੋਈ ਹੋਰ ਵਿਅਕਤੀ ਸੰਘਰਸ਼ ਕਰ ਰਿਹਾ ਹੈ. ਇਸ ਲਈ ਨਸ਼ਿਆਂ ਨਾਲ ਜੁੜੇ ਕਲੰਕ ਨੂੰ ਘੱਟ ਕਰਨ ਦੀ ਲੋੜ ਹੈ। ਸਮਾਜ ਨੂੰ ਇਹ ਸਮਝਣ ਦੀ ਲੋੜ ਹੈ ਕਿ ਨਸ਼ੇੜੀ ਅਪਰਾਧੀ ਨਹੀਂ ਸਗੋਂ ਪੀੜਤ ਹੁੰਦੇ ਹਨ। ਕੁਝ ਫਸਲਾਂ ਦੀਆਂ ਦਵਾਈਆਂ ਜਿਨ੍ਹਾਂ ਵਿੱਚ 50% ਤੋਂ ਵੱਧ ਅਲਕੋਹਲ ਅਤੇ ਓਪੀਔਡਜ਼ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ। ਦੇਸ਼ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਠੱਲ੍ਹ ਪਾਉਣ ਲਈ ਪੁਲੀਸ ਅਧਿਕਾਰੀਆਂ ਅਤੇ ਆਬਕਾਰੀ ਤੇ ਨਾਰਕੋਟਿਕਸ ਵਿਭਾਗ ਵੱਲੋਂ ਸਖ਼ਤ ਕਾਰਵਾਈ ਦੀ ਲੋੜ ਹੈ। ਐਨਡੀਪੀਐਸ ਐਕਟ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਸਿੱਖਿਆ ਪਾਠਕ੍ਰਮ ਵਿੱਚ ਨਸ਼ਾਖੋਰੀ, ਇਸ ਦੇ ਪ੍ਰਭਾਵਾਂ ਅਤੇ ਨਸ਼ਾ ਛੁਡਾਊ ਬਾਰੇ ਅਧਿਆਏ ਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਸਹੀ ਸਲਾਹ-ਮਸ਼ਵਰਾ ਇਕ ਹੋਰ ਵਿਕਲਪ ਹੈ।

*-ਡਾ. ਸਤਿਆਵਾਨ 'ਸੌਰਭ'*
*ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ,*
*333, ਪਰੀ ਵਾਟਿਕਾ, ਕੌਸ਼ਲਿਆ ਭਵਨ, ਬਰਵਾ (ਸਿਵਾਨੀ) ਭਿਵਾਨੀ, ਹਰਿਆਣਾ - 127045*
*ਮੋਬਾਈਲ :9466526148*

# ਪੜ੍ਹਨ ਦੇ ਤਰੀਕਿਆਂ ’ਚ ਤਬਦੀਲੀ ਲਿਆਉਣ ਵਿਦਿਆਰਥੀ

ਬਹੁਤ ਸਾਰੇ ਵਿਦਿਆਰਥੀ ਅਕਸਰ ਸ਼ਿਕਾਇਤ ਕਰਦੇ ਹਨ ਕਿ ਕੀ ਕਰੀਏ ਦਿਨ ’ਚ 10-11 ਘੰਟੇ ਪੜ੍ਹਦੇ ਵੀ ਹਾਂ ਫਿਰ ਵੀ ਪੱਲੇ ਕੁਝ ਨਹੀਂ ਪਿਆ। ਜੋ ਪੜ੍ਹਦੇ ਹਾਂ, ਉਹ ਭੁੱਲ ਜਾਂਦੇ ਹਾਂ। ਉੱਥੇ ਹੀ ਕੁਝ ਵਿਦਿਆਰਥੀ 7-8 ਘੰਟੇ ਜਾਂ ਇਸ ਤੋਂ ਘੱਟ ਸਮਾਂ ਪੜ੍ਹ ਕੇ ਵੀ ਮੈਰਿਟ ਲਿਸਟ ’ਚ ਆ ਜਾਂਦੇ ਹਨ। ਜੇ ਤੁਸੀਂ ਵੀ ਇਨ੍ਹਾਂ ਸ਼ਿਕਾਇਤੀ ਵਿਦਿਆਰਥੀਆਂ ’ਚ ਸ਼ਾਮਿਲ ਹੋ ਤਾਂ ਲੋੜ ਹੈ ਆਪਣੇ ਪੜ੍ਹਨ-ਲਿਖਣ ਦੇ ਤਰੀਕਿਆਂ ’ਚ ਤਬਦੀਲੀ ਲਿਆਉਣ ਦੀ।

*ਪੜ੍ਹ ਕੇ ਪ੍ਰੈਜ਼ੈਂਟੇਸ਼ਨ ਬਣਾਉਣ ਦੀ ਪਾਓ ਆਦਤ:*

ਜਦੋਂ ਤੁਸੀਂ ਕਿਸੇ ਵੀ ਪਾਠ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ ਤੋਂ ਬਾਅਦ ਸਮਝਣ ਲਗਦੇ ਹੋ ਕਿ ਹੁਣ ਇਸ ’ਚੋਂ ਪੁੱਛਿਆ ਜਾਣਾ ਵਾਲਾ ਪ੍ਰਸ਼ਨ ਤੁਸੀਂ ਸੌਖੀ ਤਰ੍ਹਾਂ ਹੱਲ ਕਰ ਦੇਵੋਗੇ ਤਾਂ ਫਿਰ ਇਸ ਕੰਮ ਨੂੰ ਬਾਅਦ ’ਚ ਲਈ ਨਾ ਛੱਡੋ। ਉਸੇ ਦਿਨ ਆਪਣੀ ਕਾਪੀ ਜਾਂ ਫਿਰ ਕੰਪਿਊਟਰ ’ਤੇ ਪੂਰੇ ਪਾਠ ਨਾਲ ਜੁੜੀ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਬਣਾਓ। ਇਸ ਕੰਮ ’ਚ ਤੁਸੀਂ ਪਰਿਵਾਰਕ ਮੈਂਬਰਾਂ ਦੀ ਮਦਦ ਵੀ ਲੈ ਸਕਦੇ ਹੋ। ਫਿਰ ਦੋ-ਚਾਰ ਦਿਨ ਬਾਅਦ ਉਨ੍ਹਾਂ ਨੂੰ ਦੁਹਰਾਉਂਦਿਆਂ ਉਸ ਨੂੰ ਵਿਸਥਾਰ ਨਾਲ ਕਰਨ ਦੀ ਆਪਣੀ ਸਮਰੱਥਾ ਦਾ ਵੀ ਮੁਲਾਂਕਣ ਕਰੋ। ਇਸ ਤਰ੍ਹਾਂ ਤੁਸੀਂ ਸਹੀ ਮਾਅਨਿਆਂ ’ਚ ਪਾਠ ਨੂੰ ਯਾਦ ਰੱਖ ਸਕੋਗੇ।

*ਲਿਖ ਕੇ ਪੜ੍ਹਨ ਦੇ ਫ਼ਾਇਦੇ:*

ਕਈ ਵਾਰ ਅਸੀਂ ਚੀਜ਼ਾਂ ਨੂੰ ਪੜ੍ਹਨ ਤੋਂ ਬਾਅਦ ਸੋਚਦੇ ਹਾਂ ਕਿ ਸਾਨੂੰ ਯਾਦ ਹੋ ਗਈਆਂ ਪਰ ਅਜਿਹਾ ਹੁੰਦਾ ਨਹੀਂ। ਸਿਰਫ਼ ਪੜ੍ਹ ਲੈਣ ਨਾਲ ਚੀਜ਼ਾਂ ਨੂੰ ਲੰਬੇ ਸਮੇਂ ਤਕ ਯਾਦ ਰੱਖਣਾ ਸੰਭਵ ਨਹੀਂ ਹੁੰਦਾ। ਬਿਹਤਰ ਹੋਵੇਗਾ ਕਿ ਜੋ ਪੜ੍ਹਿਆ ਹੈ, ਉਸ ਨੂੰ ਇਕ-ਦੋ ਦਿਨ ਬਾਅਦ ਆਪਣੀ ਕਾਪੀ ’ਤੇ ਆਪਣੀ ਭਾਸ਼ਾ ’ਚ ਲਿਖਣ ਦੀ ਆਦਤ ਪਾਓ। ਇਸ ਦੇ ਤਿੰਨ ਫ਼ਾਇਦੇ ਹਨ। ਪਹਿਲਾ ਇਹ ਕਿ ਵਿਸ਼ੇ ਦਾ ਅਭਿਆਸ ਹੋ ਜਾਂਦਾ ਹੈ। ਦੂਸਰਾ ਇਹ ਕਿ ਤੁਹਾਡੇ ਨੋਟਸ ਤਿਆਰ ਹੋ ਜਾਂਦੇ ਹਨ, ਜੋ ਕਿਤਾਬੀ ਭਾਸ਼ਾ ਤੋਂ ਅਲੱਗ ਹੁੰਦੇ ਹਨ। ਤੀਸਰਾ ਪੜ੍ਹਦੇ ਸਮੇਂ ਵਿਸ਼ੇ ਨੂੰ ਰਟਣ ਦੀ ਜਗ੍ਹਾ ਸਮਝਣ ਦੀ ਕੋਸ਼ਿਸ਼ ਕਰਦੇ ਹੋ ਕਿਉਂਕਿ ਤੁਸੀਂ ਉਹ ਲਿਖਣਾ ਹੁੰਦਾ ਹੈ।

*ਇਕ ਹੀ ਵਿਸ਼ੇ ਦੀਆਂ ਵੱਖ-ਵੱਖ ਕਿਤਾਬਾਂ ਪੜ੍ਹੋ:*

ਕਿਸੇ ਵਿਸ਼ੇ ’ਤੇ ਮਜ਼ਬੂਤ ਪਕੜ ਬਣਾਉਣ ਤੇ ਉਸ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਿਰਫ਼ ਉਸੇ ਵਿਸ਼ੇ ਦੀਆਂ ਕਿਤਾਬਾਂ ਪੜ੍ਹਨੀਆਂ ਹੀ ਕਾਫ਼ੀ ਨਹੀਂ ਹੁੰਦੀਆਂ ਸਗੋਂ ਉਸ ਵਿਸ਼ੇ ਤੋਂ ਇਲਾਵਾ ਵੀ ਹੋਰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। ਗੂਗਲ ਤੋਂ ਵੀ ਸਬੰਧਤ ਵਿਸ਼ੇ ਦੀ ਜਾਣਕਾਰੀ ਲਵੋ ਤੇ ਫਿਰ ਆਪਣੇ ਨੋਟਸ ਬਣਾਓ। ਅਲੱਗ-ਅਲੱਗ ਥਾਵਾਂ ਤੋਂ ਪੜ੍ਹਨ ’ਤੇ ਵਿਸ਼ੇ ਦੀ ਜ਼ਿਆਦਾ ਜਾਣਕਾਰੀ ਮਿਲਦੀ ਹੈ ਤੇ ਨਾਲ-ਨਾਲ ਅਭਿਆਸ ਵੀ ਹੁੰਦਾ ਰਹਿੰਦਾ ਹੈ। ਇਸ ਨਾਲ ਵਿਸ਼ੇ ’ਤੇ ਤੁਹਾਡੀ ਪਕੜ ਵੀ ਮਜ਼ਬੂਤ ਹੁੰਦੀ ਹੈ। ਤੁਹਾਡੇ ਨੋਟਸ ਵੀ ਦੂਸਰੇ ਵਿਦਿਆਰਥੀਆਂ ਤੋਂ ਵੱਖਰੇ ਬਣਦੇ ਹਨ। ਇਸ ਤਰ੍ਹਾਂ ਪ੍ਰੀਖਿਅਕ ਦੀ ਨਜ਼ਰ ’ਚ ਤੁਸੀਂ ਬਾਕੀ ਵਿਦਿਆਰਥੀਆਂ ਤੋਂ ਅਲੱਗ ਨਜ਼ਰ ਆਵੋਗੇ।

*ਬਣਾਓ ਸਟਿਕੀ ਨੋਟਸ:*

ਕੁਝ ਖ਼ਾਸ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਵਾਰ-ਵਾਰ ਭੁੱਲ ਜਾਂਦੇ ਹਾਂ। ਇਹ ਕੁਝ ਵੀ ਹੋ ਸਕਦਾ ਹੈ। ਕਿਸੇ ਲਈ ਇਤਿਹਾਸ ’ਚ ਲਿਖੀ ਮਹੱਤਵਪੂਰਨ ਤਰੀਕ ਯਾਦ ਰੱਖਣਾ ਔਖਾ ਹੋ ਜਾਂਦਾ ਹੈ ਤੇ ਕਿਸੇ ਲਈ ਫਿਜ਼ੀਕਸ, ਕੈਮਿਸਟਰੀ ਤੇ ਗਣਿਤ ਦੇ ਫਾਰਮੂਲਿਆਂ ਨੂੰ ਯਾਦ ਕਰਨਾ ਪਰੇਸ਼ਾਨ ਕਰਦਾ ਹੈ। ਅਜਿਹੀਆਂ ਚੀਜ਼ਾਂ ਲਈ ਸਟਿਕੀ ਨੋਟਸ ਬਣਾਓ ਤੇ ਆਪਣੇ ਸਟੱਡੀ ਟੇਬਲ ਦੀ ਸਾਹਮਣੇ ਵਾਲੀ ਦੀਵਾਰ ’ਤੇ ਚਿਪਕਾ ਦਿਉ। ਕਈ ਵਾਰ ਇਨ੍ਹਾਂ ’ਤੇ ਨਜ਼ਰ ਪੈਣ ਨਾਲ ਯਾਦ ਕਰਨ ’ਚ ਸੌਖ ਹੋਵੇਗੀ।

*ਹੁਨਰ ਦੀ ਵਰਤੋਂ:*

ਜੇ ਤੁਹਾਡੇ ’ਚ ਕ੍ਰਿਏਟਿਵ ਕਰਨ ਦਾ ਹੁਨਰ ਹੈ ਤੇ ਅਕਸਰ ਆਪਣੀ ਪੈਨਸਿਲ ਨਾਲ ਡਰਾਇੰਗ ਆਦਿ ਕਰਦੇ ਰਹਿੰਦੇ ਹੋ ਤਾਂ ਆਪਣੀ ਇਸ ਕਲਾ ਦਾ ਇਸਤੇਮਾਲ ਪੜ੍ਹਾਈ-ਲਿਖਾਈ ’ਚ ਕਰੋ। ਦਿਨ ਭਰ ਜੋ ਪੜ੍ਹਿਆ, ਸ਼ਾਮ ਨੂੰ ਉਸ ਦੀਆਂ ਮੁੱਖ ਗੱਲਾਂ ਨੂੰ ਕੌਮਿਕ ਸਟ੍ਰਿਪ ਵਾਂਗ ਬਣਾਓ। ਇਸ ਨਾਲ ਅਭਿਆਸ ਹੋਣ ਦੇ ਨਾਲ-ਨਾਲ ਤੁਹਾਨੂੰ ਰੈਡੀ ਟੂ ਯੂਜ਼ ਪਾਵਰ ਪੁਆਇੰਟਸ ’ਚ ਮਿਲ ਸਕਦੇ ਹਨ।

*ਜੇਬ ਡਾਇਰੀ ਕੋਲ ਰੱਖੋ:*

ਕਈ ਵਾਰ ਤੁਸੀਂ ਪੜ੍ਹਾਈ ਤੋਂ ਬਾਅਦ ਜਾਂ ਪਹਿਲਾਂ ਜਦੋਂ ਸਕੂਲ-ਕਾਲਜ ਜਾਂ ਕਿਤੇ ਹੋਰ ਆਉਂਦੇ-ਜਾਂਦੇ ਹੋ ਤਾਂ ਤੁਹਾਡੇ ਦਿਮਾਗ਼ ’ਚ ਵਿਸ਼ੇ ਨਾਲ ਜੁੜਿਆ ਕੋਈ ਨਵਾਂ ਤਰੀਕਾ ਆ ਜਾਂਦਾ ਹੈ ਜਾਂ ਫਿਰ ਕਿਸੇ ਅਖ਼ਬਾਰ-ਮੈਗਜ਼ੀਨ ਨੂੰ ਦੇਖ ਕੇ, ਦੂਸਰਿਆਂ ਦੀਆਂ ਗੱਲਾਂ ਸੁਣ ਕੇ ਕੋਈ ਨਵੀਂ ਜਾਣਕਾਰੀ ਮਿਲ ਜਾਂਦੀ ਹੈ। ਇਨ੍ਹਾਂ ਚੀਜ਼ਾਂ ਨੂੰ ਤੁਰੰਤ ਆਪਣੀ ਜੇਬ ਡਾਇਰੀ ’ਤੇ ਨੋਟ ਕਰਨ ਦੀ ਆਦਤ ਪਾਓ। ਇਹ ਤਰੀਕਾ ਬੇਹੱਦ ਉਪਯੋਗੀ ਸਾਬਿਤ ਹੁੰਦਾ ਹੈ। ਤਰੀਕਾ ਤੇ ਸੂਚਨਾਵਾਂ ਵਾਰ-ਵਾਰ ਨਹੀਂ ਮਿਲਦੇ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਵਿਦਿਅਕ ਕਾਲਮਨਵੀਸ*
*ਮਲੋਟ, ਪੰਜਾਬ।*

## ਦੁਬਾਰਾ ਚੰਦਰਮਾ ’ਤੇ ਉਤਰਨ ਦੀ ਤਿਆਰੀ

-ਵਿਜੈ ਗਰਗ

ਅਮਰੀਕਾ ਦੇ ਵਿਗਿਆਨ ਜਗਤ ਵਿੱਚ ਇਨ੍ਹੀਂ ਦਿਨੀਂ ਖੁਸ਼ੀ ਦੀ ਲਹਿਰ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਪੰਜਾਹ ਸਾਲਾਂ ਬਾਅਦ ਫਿਰ ਤੋਂ ਚੰਦਰਮਾ 'ਤੇ ਮਨੁੱਖਾਂ ਨੂੰ ਉਤਾਰਨ ਦੀ ਤਿਆਰੀ ਕਰ ਰਹੀ ਹੈ। ਜੇਕਰ ਯੋਜਨਾ ਸੱਚ ਹੁੰਦੀ ਹੈ, ਤਾਂ 29 ਅਗਸਤ ਨੂੰ ਆਪਣੇ ਲਾਂਚ ਪੈਡ ਤੋਂ ਉਤਾਰੇਗੀ। ਪੁਲਾੜ ਯਾਨ ਇੱਕ ਛੋਟਾ, ਪਾਇਲਟ ਰਹਿਤ ਕੈਪਸੂਲ ਲੈ ਕੇ ਜਾਵੇਗਾ ਜੋ ਪੁਲਾੜ ਯਾਤਰੀਆਂ ਨੂੰ ਪੁਲਾੜ ਵਿੱਚ ਲਿਜਾਣ ਦੇ ਸਮਰੱਥ ਹੈ। ਓਰੀਅਨ ਨਾਮ ਦਾ ਇਹ ਕੈਪਸੂਲ ਚੰਦਰਮਾ ਦੀ ਪਰਿਕਰਮਾ ਕਰੇਗਾ ਅਤੇ 42 ਦਿਨਾਂ ਬਾਅਦ ਧਰਤੀ 'ਤੇ ਵਾਪਸ ਆਵੇਗਾ। ਇਹ ਟੈਸਟ ਫਲਾਈਟਮਹੱਤਵਪੂਰਨ, ਕਿਉਂਕਿ ਨਾਸਾ ਆਉਣ ਵਾਲੇ ਸਮੇਂ ਵਿੱਚ ਕੈਪਸੂਲ ਦੀ ਮਦਦ ਨਾਲ ਕਈ ਪੁਲਾੜ ਯਾਤਰੀਆਂ ਨੂੰ ਪੁਲਾੜ ਵਿੱਚ ਭੇਜਣ ਦੀ ਤਿਆਰੀ ਕਰ ਰਿਹਾ ਹੈ। 1972 ਤੋਂ ਲੈ ਕੇ ਹੁਣ ਤੱਕ ਕੋਈ ਵੀ ਮਨੁੱਖ ਚੰਦ 'ਤੇ ਨਹੀਂ ਗਿਆ, ਕਿਉਂਕਿ ਉਸ ਦੀ ਲੋੜ ਮਹਿਸੂਸ ਨਹੀਂ ਕੀਤੀ ਗਈ। ਸ਼ੀਤ ਯੁੱਧ ਦੌਰਾਨ ਚੰਦਰਮਾ 'ਤੇ ਜਾਣ ਦੀ ਦੌੜ ਆਪਣੇ ਸਿਖਰ 'ਤੇ ਸੀ। ਅਮਰੀਕਾ ਅਤੇ ਤਤਕਾਲੀ ਸੋਵੀਅਤ ਸੰਘ ਲੜਾਈ ਵਿਚ ਲੱਗੇ ਹੋਏ ਸਨ, ਪਰ ਸੋਵੀਅਤ ਯੂਨੀਅਨ ਭਾਵੇਂ ਚੰਦਰਮਾ 'ਤੇ ਇਕ ਵਸਤੂ ਪਹੁੰਚਾਉਣ ਵਿਚ ਸਫਲ ਹੋ ਗਿਆ ਹੋਵੇ, ਪਰ ਅਮਰੀਕਾ ਨੇ ਨਾ ਸਿਰਫ ਆਪਣੇ 17 ਯਾਤਰੀਆਂ ਨੂੰ ਚੰਦਰਮਾ 'ਤੇ ਉਤਾਰਿਆ, ਸਗੋਂ ਉਨ੍ਹਾਂ ਨੂੰ ਸੁਰੱਖਿਅਤ ਵਾਪਸ ਵੀ ਲਿਆਂਦਾ। ਇੰਨਾ ਵੱਡਾਅਮਰੀਕੀ ਸਫ਼ਲਤਾ ਤੋਂ ਬਾਅਦ ਸੋਵੀਅਤ ਸੰਘ ਮਾਨਵ ਰਹਿਤ ਮੁਹਿੰਮ ਤੋਂ ਪਿੱਛੇ ਹਟ ਗਿਆ ਅਤੇ ਉਸ ਤੋਂ ਬਾਅਦ ਕਿਸੇ ਵੀ ਦੇਸ਼ ਨੇ ਚੰਦਰਮਾ 'ਤੇ ਜਾਣ ਦੀ ਲੋੜ ਮਹਿਸੂਸ ਨਹੀਂ ਕੀਤੀ। ਇਸ ਵਾਰ ਜਿਸ ਰਾਕੇਟ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਬਹੁਤ ਸ਼ਕਤੀਸ਼ਾਲੀ ਹੈ। ਕੈਪਸੂਲ ਦੀ ਵਰਤੋਂ ਅਤਿ-ਆਧੁਨਿਕ ਹੈ। ਕੋਲੋਰਾਡੋ ਬੋਲਡਰ ਯੂਨੀਵਰਸਿਟੀ ਦੇ ਏਰੋਸਪੇਸ ਇੰਜੀਨੀਅਰ ਲੇਵਿਸ ਜੀਆ ਨੇ ਕਿਹਾ, "ਅਸੀਂ ਪੁਲਾੜ-ਉਡਾਣ ਵਿਗਿਆਨ ਖੋਜ ਦੇ ਇੱਕ ਨਵੇਂ ਯੁੱਗ ਵਿੱਚ ਦਾਖਲ ਹੋ ਗਏ ਹਾਂ।" ਚੰਦਰਮਾ 'ਤੇ ਬਰਫ਼ ਦੀ ਖੋਜ, ਰੇਡੀਏਸ਼ਨ ਦੇ ਮਨੁੱਖਸਰੀਰ 'ਤੇ ਪ੍ਰਭਾਵ ਦੀ ਵੀ ਜਾਂਚ ਕੀਤੀ ਜਾਵੇਗੀ। ਜਾਪਾਨ ਦਾ ਇੱਕ ਲੈਂਡਰ ਵੀ ਚੰਦ 'ਤੇ ਉਤਰਨ ਦੀ ਕੋਸ਼ਿਸ਼ ਕਰੇਗਾ, ਇਹ ਹੁਣ ਤੱਕ ਦਾ ਸਿਰਫ 700 ਗ੍ਰਾਮ ਦਾ ਸਭ ਤੋਂ ਹਲਕਾ ਲੈਂਡਰ ਹੈ। ਇਹ ਜਾਪਾਨ ਲਈ ਵੱਡੀ ਸਫਲਤਾ ਹੋਵੇਗੀ। ਨਾਸਾ ਦੀ ਮੁਹਿੰਮ ਦਾ ਨਾਂ ਆਰਟੇਮਿਸ ਰੱਖਿਆ ਗਿਆ ਹੈ, ਇੱਕ ਨਾਮ ਯੂਨਾਨੀ ਮਿਥਿਹਾਸ ਤੋਂ ਲਿਆ ਗਿਆ ਹੈ, ਆਰਟੇਮਿਸ ਅਸਲ ਵਿੱਚ ਅਪੋਲੋ ਦੀ ਜੁੜਵਾਂ ਭੈਣ ਹੈ। ਇਹ ਦਰਸਾਉਂਦਾ ਹੈ ਕਿ ਇਹ ਨਾਸਾ ਦੇ ਸਫਲ ਅਪੋਲੋ ਪ੍ਰੋਗਰਾਮ ਦਾ ਆਧੁਨਿਕ ਅਵਤਾਰ ਹੈ। ਇਹ ਅਪੋਲੋ ਪ੍ਰੋਗਰਾਮ ਦੇ ਤਹਿਤ ਸੀ ਕਿ ਮਨੁੱਖ ਪਹਿਲੀ ਵਾਰ ਚੰਦਰਮਾ 'ਤੇ ਉਤਰਿਆ। ਯੋਜਨਾ ਦੇ ਅਨੁਸਾਰ, ਆਰਟੇਮਿਸ-2 ਪੁਲਾੜ ਯਾਤਰੀਆਂ ਨੂੰ ਚੰਦਰਮਾ ਦੇ ਪੰਧ ਵਿੱਚ ਰੱਖੇਗਾ।ਇਸ ਨੂੰ ਲੈ ਕੇ ਸਪਿਨ ਕਰੇਗਾ। ਇਸ ਤੋਂ ਬਾਅਦ ਆਰਟੇ-ਮਿਸ-3 ਚੰਦਰਮਾ ਦੇ ਦੱਖਣੀ ਧਰੁਵ ਨੇੜੇ ਪੁਲਾੜ ਯਾਤਰੀਆਂ ਦਾ ਇੱਕ ਦਲ ਉਤਾਰੇਗਾ। ਸਾਲ 2025 ਜਾਂ ਉਸ ਤੋਂ ਬਾਅਦ ਪਹਿਲੀ ਵਾਰ ਕੋਈ ਔਰਤ ਚੰਦਰਮਾ 'ਤੇ ਉਤਰੇਗੀ। ਨਾਸਾ ਨੇ ਮਨੁੱਖਾਂ ਨੂੰ ਚੰਦਰਮਾ 'ਤੇ ਉਤਾਰਨ ਦੀ ਯੋਜਨਾ ਬਣਾਈ ਹੈ ਜਿੱਥੇ ਪਾਣੀ ਜਾਂ ਬਰਫ਼ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਦਰਅਸਲ, ਜੇਕਰ ਚੰਦਰਮਾ 'ਤੇ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ ਹੈ, ਤਾਂ ਮਨੁੱਖਾਂ ਲਈ ਉੱਥੇ ਜ਼ਿਆਦਾ ਦਿਨ ਰੁਕਣ ਦੇ ਮੌਕੇ ਹੋਣਗੇ। ਚੰਦਰਮਾ 'ਤੇ ਹਾਈਡ੍ਰੋਜਨ ਦੇ ਰੂਪ 'ਚ ਪਾਣੀ ਦੀ ਖੋਜ ਚੱਲ ਰਹੀ ਹੈ। ਕਿਉਂਕਿ 7 ਦਸੰਬਰ 1972 ਤੋਂ ਬਾਅਦ ਕੋਈ ਵੀ ਮਨੁੱਖ ਚੰਦਰਮਾ 'ਤੇ ਨਹੀਂ ਉਤਰਿਆ, ਅਗਲਾ ਮਨੁੱਖਉਤਰੇਗਾ, ਨਵਾਂ ਇਤਿਹਾਸ ਰਚੇਗਾ। ਪੰਜਾਹ ਸਾਲ ਪਹਿਲਾਂ, ਨੌਂ ਮੁਹਿੰਮਾਂ ਚੰਦਰਮਾ 'ਤੇ ਪਹੁੰਚੀਆਂ ਸਨ, ਜਿਨ੍ਹਾਂ ਵਿੱਚੋਂ ਛੇ ਮੁਹਿੰਮਾਂ ਮਨੁੱਖਾਂ ਦੁਆਰਾ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਚੰਦਰਮਾ ਨਾਲ ਮਨੁੱਖ ਦਾ ਲਗਾਵ ਅਚਾਨਕ ਘਟ ਗਿਆ। ਹੁਣ ਦੁਨੀਆ ਦੇ ਭਾਰਤ ਸਮੇਤ ਘੱਟੋ-ਘੱਟ ਛੇ ਦੇਸ਼ਾਂ ਦੀਆਂ ਪੁਲਾੜ ਏਜੰਸੀਆਂ ਚੰਦਰਮਾ 'ਤੇ ਅਜਿਹਾ ਕੁਝ ਲੱਭਣਾ ਚਾਹੁੰਦੀਆਂ ਹਨ ਤਾਂ ਜੋ ਮਨੁੱਖ ਨੂੰ ਵਾਰ-ਵਾਰ ਚੰਦ 'ਤੇ ਜਾਣ ਦਾ ਬਹਾਨਾ ਮਿਲ ਸਕੇ।




# ਮਾਈਨਿੰਗ ਬਾਰੇ ਪੰਜਾਬ ਸਰਕਾਰ ਦੇ ਜਵਾਬ ਤੋਂ ਹਾਈ ਕੋਰਟ ਨਾਰਾਜ਼

ਚੰਡੀਗੜ੍ਹ, 29 ਅਗਸਤ, (ਪੋਸਟ ਬਿਊਰੋ)-ਪੰਜਾਬ ਵਿੱਚ ਗ਼ੈਰ-ਕਾਨੂੰਨੀ ਮਾਈਨਿੰਗ ਦੇ ਮੁੱਦੇ ਉੱਤੇ ਪੰਜਾਬ ਸਰਕਾਰ ਨੇ ਹਾਈਕੋਰਟ ਵਿੱਚ ਜਿਹੜਾ ਜਵਾਬ ਪੇਸ਼ ਕੀਤਾ, ਉਸ ਤੋਂ ਹਾਈਕੋਰਟ ਨੇ ਨਾਰਾਜ਼ਗੀ ਜ਼ਾਹਰ ਕੀਤੀ ਹੈ।




ਇਸ ਬਾਰੇਹਾਈ ਕੋਰਟ ਨੇ ਕਿਹਾ ਕਿ ਪੰਜਾਬ ਸਰਕਾਰ ਦੇ 'ਇਸ ਜਵਾਬ ਵਿੱਚਇਹੋ ਜਿਹਾ ਕੋਈ ਸ਼ਬਦ ਨਹੀਂ, ਜੋ ਦੱਸਦਾ ਹੋਵੇ ਕਿ ਨਦੀ ਕੰਢੇ ਉੱਤੇ ਗ਼ੈਰ-ਕਾਨੂੰਨੀ ਮਾਈਨਿੰਗ ਰੋਕਣ ਲਈ ਕੀ ਕੀਤਾ ਜਾ ਰਿਹਾ ਹੈ।"ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਪਠਾਨਕੋਟ ਵਿਖੇ ਰੇਲਵੇ ਪੁਲ ਨਾਜਾਇਜ਼ ਮਾਈਨਿੰਗਕਾਰਨ ਟੁੱਟ ਗਿਆ, ਜਿਹੜਾ ਹਿਮਾਚਲ ਅਤੇ ਪੰਜਾਬ ਨੂੰ ਜੋੜਦਾ ਸੀਅਤੇ ਇਹ ਪੁਲ ਫੌਜ ਲਈ ਬਹੁਤ ਮਹੱਤਵਪੂਰਨ ਤੇ ਰਣਨੀਤਕ ਸੀ। ਅਦਾਲਤ ਨੇ ਚਿੰਤਾ ਨਾਲ ਕਿਹਾ, ਸਿਰਫ ਸਰਹੱਦੀ ਖੇਤਰ ਅਤੇ ਦੇਸ਼ ਦੀ ਸੁਰੱਖਿਆ ਲਈ ਵੀ ਮਾਈਨਿੰਗ ਨਹੀਂ ਰੋਕੀ ਜਾ ਸਕੀ।

ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਪੰਜਾਬ ਗ਼ੈਰ ਕਾਨੂੰਨੀ ਮਾਈਨਿੰਗ ਰੋਕਣ ਲਈ ਵਚਨਬੱਧ ਹੈ ਅਤੇ ਇਸ ਬਾਰੇ ਮੀਟਿੰਗ ਕੀਤੀ ਜਾ ਰਹੀ ਹੈ, ਜਿਸ ਲਈ ਪੰਜਾਬ ਦੇਚੀਫ ਸੈਕਟਰੀ ਉਥੋਂ ਦਾ ਦੌਰਾ ਕੀਤਾ ਹੈ। ਹਾਈਕੋਰਟ ਨੇ ਇਸ ਦੀ ਸਾਰੀ ਜਾਣਕਾਰੀ ਦੀ ਮੰਗੀ ਸੀ।ਪੰਜਾਬ ਸਰਕਾਰ ਦਾ ਜਵਾਬ ਵੇਖ ਕੇ ਕੋਰਟ ਨੇ ਸਰਕਾਰ ਨੂੰ ਝਾੜ ਪਾਉਂਦਿਆਂ ਕਿਹਾ ਕਿ ਗ਼ੈਰ ਕਾਨੂੰਨੀ ਮਾਈਨਿੰਗ ਵਿਰੁੱਧ ਕਿਉਂ ਨਹੀਂ ਕੁਝ ਹੋ ਰਿਹਾ? ਕੌਮੀ ਸੁਰੱਖਿਆ ਤੋਂ ਵੱਡਾ ਕੁਝ ਨਹੀਂ ਹੋ ਸਕਦਾ, ਇਸ ਵੱਡੇ ਮੁੱਦੇ ਉੱਤੇ ਪੰਜਾਬ ਸਰਕਾਰ ਦੇ ਅਫਸਰ ਕੀ ਕਰਦੇ ਹਨ? ਪੰਜਾਬ ਸਰਕਾਰ ਨੂੰ ਝਾੜ ਪਾਉਂਦਿਆਂ ਕੋਰਟ ਨੇ ਕਿਹਾ, ਬੀ ਐੱਸ ਐੱਫ ਅਤੇ ਫੌਜ ਨੇ ਜਵਾਬ ਪੇਸ਼ ਕਰਦਿੱਤਾ ਹੈ, ਪੰਜਾਬ ਸਰਕਾਰ ਹੱਥ ਉੱਤੇ ਹੱਥ ਧਰੀ ਬੈਠੀ ਹੈ।

# ਮਾਨ-ਕੇਜਰੀਵਾਲ ਦੇ ਚਾਰ ਸਿਤਾਰਾ ਹੋਟਲਾਂ ਵਿੱਚ ਠਹਿਰਨ ਦਾ 2.18 ਲੱਖ ਦਾ ਬਿੱਲ ਭਰਨਾ ਪਿਆ

ਜਲੰਧਰ, 29 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਜਲੰਧਰ ਦੇ ਚਾਰ ਸਿਤਾਰਾ ਹੋਟਲ ਵਿੱਚ ਰੁਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ 2.18 ਲੱਖ ਰੁਪਏ ਦਾ ਬਿੱਲ ਮਿਲਿਆ ਹੈ ਅਤੇ ਹੋਟਲ ਵਾਲਿਆਂ ਨੇ ਇਹ ਬਿੱਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜ ਕੇ ਅਦਾਇਗੀ ਦੀ ਮੰਗ ਕੀਤੀ ਹੈ।



ਵਰਨਣ ਯੋਗ ਹੈ ਕਿ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ, ਦੋਵੇਂ ਮੁੱਖ ਮੰਤਰੀ 15 ਜੂਨ ਨੂੰ ਜਲੰਧਰ ਤੋਂ ਨਵੀਂ ਦਿੱਲੀ ਏਅਰਪੋਰਟ ਲਈ ਵਾਲਵੋ ਬੱਸ ਰਵਾਨਾ ਕਰਨ ਵਾਸਤੇ ਇੱਥੇ ਆਏ ਸਨ ਤੇ ਕਰੀਬ ਤਿੰਨ ਘੰਟੇ ਹੋਟਲ ਵਿੱਚ ਰੁਕੇ ਸਨ। ਆਰ ਟੀ ਆਈ (ਸੂਚਨਾ ਅਧਿਕਾਰ ਕਾਨੂੰਨ) ਵਰਕਰ ਜਸਪਾਲ ਮਾਨ ਦੇ ਸਵਾਲ ਦੇ ਜਵਾਬ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਹੈ ਕਿ ਸਬੰਧਤ ਹੋਟਲ ਨੇ ਕੁੱਲ 2.18 ਲੱਖ ਰੁਪਏ ਦਾ ਬਿੱਲ ਭੇਜਿਆ ਹੈ, ਜਿਸ ਵਿੱਚ ਛੇ ਕਮਰਿਆਂ ਦੇ 1.37 ਲੱਖ ਰੁਪਏ ਤੇ 38 ਲੰਚ ਬਾਕਸ ਦੇ 80,712 ਰੁਪਏ ਸ਼ਾਮਲ ਹਨ। ਇਸ ਵਿੱਚ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦੇ ਇਲਾਵਾ ਦਿੱਲੀ ਦੇ ਆਮ ਆਦਮੀ ਪਾਰਟੀ ਨੇਤਾਵਾਂ ਦੇ ਰਹਿਣ ਦਾ ਖਰਚ ਸ਼ਾਮਲ ਹੈ। ਕਿਸੇ ਰਾਜਨੀਤਕ ਸ਼ਖਸੀਅਤ ਦਾ ਬਿੱਲ ਭਰਨਾ ਜ਼ਿਲ੍ਹਾ ਪ੍ਰਸ਼ਾਸਨ ਲਈ ਚੁਣੌਤੀ ਬਣ ਸਕਦਾ ਹੈ। ਅਰਵਿੰਦ ਕੇਜਰੀਵਾਲ ਦੇ ਕਮਰੇ ਦੀ ਰੂਮ ਸਰਵਿਸ ਦੇ ਲਈ 17,788 ਰੁਪਏ ਅਤੇ ਭਗਵੰਤ ਮਾਨ ਦੇ ਕਮਰੇ ਤੇ ਰੂਮ ਸਰਵਿਸ ਲਈ 22,836 ਰੁਪਏ ਦਾ ਬਿੱਲ ਆਇਆ ਹੈ। ਦਿੱਲੀ ਦੇ ਟਰਾਂਸਪੋਰਟ ਮੰਤਰੀ ਕੈਲਾਸ਼ ਗਹਿਲੋਤ ਦਾ 15,460 ਰੁਪਏ, ਪਰਵੇਸ਼ ਝਾਅ ਦਾ 22,416 ਰੁਪਏ, ਰਾਮ ਕੁਮਾਰ ਝਾਅ ਦਾ 50,902 ਰੁਪਏ ਅਤੇ ਦਿੱਲੀ ਦੇ ਮੁੱਖ ਮੰਤਰੀ ਦੇ ਨਿੱਜੀ ਸਕੱਤਰ ਵਿਭਵ ਕੁਮਾਰ ਦਾ 8,062 ਰੁਪਏ ਖਰਚ ਵੀ ਬਿੱਲ ਵਿੱਚ ਸ਼ਾਮਲ ਹੈ।ਜ਼ਿਲ੍ਹਾ ਮਾਲ ਅਧਿਕਾਰੀ ਤੋਂ ਮਿਲੀ ਜਾਣਕਾਰੀ ਮੁਤਾਬਕਇਸ ਸਮਾਗਮ ਲਈ ਕੋਈ ਫੰਡ ਨਹੀਂ ਮਿਲੇ ਸਨ, ਪਰਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਬਿੱਲ ਦੇਖਣ ਪਿੱਛੋਂ ਹੀ ਉਹ ਕੁਝ ਕਹਿ ਸਕਣਗੇ।

# ਧਾਰਮਿਕ ਪੁਸਤਕਾਂ ਦਾ ਮਾਮਲਾ: ਪੰਜਾਬੀ ਯੂਨੀਵਰਸਿਟੀ ਨੇ ਅਖੰਡ ਪਾਠ ਕਰਵਾਇਆ

ਪਟਿਆਲਾ, 29 ਅਗਸਤ (ਪੋਸਟ ਬਿਊਰੋ)- ਸੈਫੀ ਨਾਮੀ ਜਥੇਬੰਦੀ ਵੱਲੋਂ ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਵਿੱਚ ਧਾਰਮਿਕ ਪੁਸਤਕਾਂ ਦੀ ਬੇਅਦਬੀ ਹੋਣ ਦੇ ਦੋਸ਼ਾਂ ਨੂੰ ਯੂਨੀਵਰਸਿਟੀ ਪਹਿਲਾਂ ਹੀ ਬੇਬੁਨਿਆਦ ਕਹਿ ਚੁੱਕੀ ਹੈ, ਪਰ ਇਸ ਮਾਮਲੇ ਨੂੰ ਨਿਬੇੜਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਕਮੇਟੀ ਦੇ ਕਹਿਣ ਉੱਤੇ ਯੂਨੀਵਰਸਿਟੀ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਹੈ। ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਨੇ ਯੂਨੀਵਰਸਿਟੀ ਦੇ ਮੁਖੀ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਭੁੱਲਾਂ-ਚੁੱਕਾਂ ਦੀ ਖਿਮਾ ਜਾਚਨਾ ਮੰਗੀ ਤੇ ਕਿਹਾ ਕਿ ਹਰ ਤਰ੍ਹਾਂ ਦੀਆਂ ਪੁਸਤਕਾਂ ਦੀ ਸਾਂਭ-ਸੰਭਾਲ ਸੁਚੱਜੇ ਢੰਗ ਅਤੇ ਪੂਰਨ ਗੁਰ-ਮਰਿਆਦਾ ਨਾਲ ਕੀਤੀ ਜਾਂਦੀ ਹੈ, ਫਿਰ ਵੀ ਜੇ ਕਿਸੇ ਪ੍ਰਬੰਧਕ ਤੋਂ ਕੋਈ ਭੁੱਲ ਜਾਂ ਅਵੱਗਿਆ ਹੋਈ ਹੋਵੇ ਤਾਂ ਵਾਈਸ ਚਾਂਸਲਰਉਹ ਖੁਦ ਖਿਮਾ ਜਾਚਨਾ ਕਰਦੇ ਹਨ।



ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਦੇ ਮੁਖੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ ਨੇ ਆਖਿਆ ਕਿ ਇਸ ਕਮੇਟੀ ਨੇ ਵਾਈਸ ਚਾਂਸਲਰਨੂੰ ਨਾਲ ਲੈ ਕੇ ਲਾਇਬਰੇਰੀ ਦਾ ਦੌਰਾ ਕੀਤਾ ਤਾਂ ਉਥੇ ਧਾਰਮਿਕ ਗ੍ਰੰਥਾਂ, ਪੁਸਤਕਾਂ ਤੇ ਪੋਥੀਆਂ ਪੂਰਨ ਗੁਰਮਰਿਆਦਾ ਮੁਤਾਬਕ ਸਨ। ਉਨ੍ਹਾਂ ਮੁਤਾਬਕ ਵਿਵਾਦ ਪੁਸਤਕਾਂ ਦੀ ਵੀਡੀਓ ਬਣਾ ਕੇ ਵਾਇਰਲ ਕਰਨ ਦਾ ਹੈ। ਇਸ ਪਿਛੇ ਕਾਰਨ ਕੀ ਸੀ, ਉਹ ਇੱਕ ਵੱਖਰਾ ਪਹਿਲੂ ਹੈ, ਪਰ ਇਹ ਵੀਡੀਓ ਵਿਵਾਦ ਦਾ ਕਾਰਨ ਬਣੀ ਹੈ, ਜਿਸ ਕਰ ਕੇ ਕਮੇਟੀ ਨੇ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਵਿਦਿਆਰਥੀਆਂ ਦੀ ਸਹਿਮਤੀ ਨਾਲ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਹੈ। ਉਨ੍ਹਾਂ ਆਖਿਆ ਕਿ ਸੰਸਥਾ ਦੇ ਮੁਖੀ ਨੇ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹੋ ਕੇ ਖਿਮਾ ਮੰਗ ਲਈ ਤਾਂ ਮਾਮਲਾ ਧਾਰਮਿਕ ਤੌਰ ਉੱਤੇ ਖਤਮ ਹੋ ਗਿਆ ਹੈ।

ਦੱਸਣਯੋਗ ਹੈ ਕਿ ਲਾਇਬਰੇਰੀ ਵਿਚਲੀਆਂ ਕੁਝ ਪੁਸਤਕਾਂ ਬਾਰੇ ਵਾਇਰਲ ਹੋਈ ਵੀਡੀਓ ਦੇ ਹਵਾਲੇ ਨਾਲ ਸੈਫੀ ਨੇ ਧਾਰਮਿਕ ਪੁਸਤਕਾਂ ਦੀ ਬੇਅਦਬੀ ਹੋਣ ਦੇ ਤਰਕ ਦੇ ਕੇ ਇੱਥੇ ਵਾਈਸ ਚਾਂਸਲਰ ਦਫਤਰ ਮੂਹਰੇ ਧਰਨਾ ਲਾ ਦਿੱਤਾ ਸੀ, ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਬੇਅਦਬੀ ਹੋਣ ਦੀ ਗੱਲ ਨਕਾਰ ਦਿੱਤੀ ਸੀ।

# ਪਾਕਿਸਤਾਨ ਦੀ ਜ਼ਿੱਦ ਕਾਰਨ ਅਫਗਾਨੀ ਲੋਕਾਂ ਲਈ ਕਣਕ ਰੁਕੀ

ਅੰਮ੍ਰਿਤਸਰ, 29 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਅਫਗਾਨਿਸਤਾਨ ਦੀ ਮਦਦ ਲਈ ਭੇਜੀ ਜਾ ਰਹੀ ਕਣਕ ਦਾ ਸਮਾਂ ਪੂਰਾ ਹੋ ਚੁੱਕਾ ਹੈ, ਪਰ ਬਾਕੀ ਕਣਕ ਅਫਗਾਨਿਸਤਾਨ ਭੇਜਣ ਲਈ ਪਾਕਿਸਤਾਨ ਅੜਿਕਾ ਬਗ ਗਿਆ ਹੈ। ਜਾਣਕਾਰ ਸੂਤਰਾਂ ਮੁਤਾਬਕ ਭਾਰਤ ਦੇ ਸਬੰਧਤ ਵਿਭਾਗ ਨੇ ਅਫਗਾਨਿਸਤਾਨ ਨੂੰ ਕਣਕ ਭੇਜਣ ਲਈ ਪਾਕਿਸਤਾਨ ਦਾ ਰਸਤਾ ਵਰਤਣ ਦੀ ਉਨ੍ਹਾਂ ਦੀ ਮਨਜ਼ੂਰੀ ਲਈ ਕਾਫੀ ਦਿਨਾਂ ਤੋਂ ਪੱਤਰ ਭੇਜਿਆ ਹੋਇਆ ਹੈ, ਪਰ ਪਾਕਿਸਤਾਨ ਸਰਕਾਰ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਕਾਰਨ ਅਫਗਾਨਿਸਤਾਨ ਨੂੰ ਭੇਜੀ ਜਾਣ ਵਾਲੀ ਕਣਕ, ਅਟਾਰੀ ਸਰਹੱਦ ਤੇ ਲੈਂਡ ਪੋਰਟ ਅਥਾਰਟੀ ਦੇ ਗੋਦਾਮਾਂ ਵਿੱਚ ਪਈ ਹੋਈ ਹੈ, ਅੱਗੇ ਨਹੀਂ ਜਾ ਰਹੀ।



ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਜੰਗ ਪ੍ਰਭਾਵਤ ਅਫਗਾਨਿਸਤਾਨ ਨੂੰ ਮਨੁੱਖੀ ਮਦਦ ਲਈਕਣਕ ਭੇਜਣੀ ਸੀ, ਜਿਸ ਦੇ 15000 ਮੀਟ੍ਰਿਕ ਟਨ ਭੇਜਣ ਦੀ ਸਮਾਂ ਸੀਮਾ ਵਧਾਉਣ ਲਈ ਬੇਨਤੀ ਵਿਚਾਰ ਕੀਤੀ ਹੈ। ਭਾਰਤ ਤੋਂ 2500 ਟਨ ਕਣਕ ਦੀ ਮਦਦਦੀ ਪਹਿਲੀ ਖੇਪ 26 ਫਰਵਰੀ ਨੂੰ ਪਾਕਿਸਤਾਨ ਰਸਤੇ ਅਫਗਾਨਿਸਤਾਨ ਦੇ ਜਲਾਲਾਬਾਦ ਪੁੱਜੀ ਸੀ। ਇਸ ਪਿੱਛੋਂ 2000 ਮੀਟ੍ਰਿਕ ਟਨ ਕਣਕ ਲੈ ਕੇ ਦੂਜਾ ਕਾਫਲਾ ਅਟਾਰੀ ਬਾਰਡਰ ਤੋਂ ਤਿੰਨ ਮਾਰਚ ਨੂੰ ਅਫਗਾਨਿਸਤਾਨ ਦੇ ਜਲਾਲਾਬਾਦ ਨੂੰ ਚੱਲਿਆ।ਸਰਕਾਰੀ ਦਾਅਵੇ ਅਨੁਸਾਰ ਪਾਕਿਸਤਾਨ ਦੇ ਵਿਦੇਸ਼ ਦਫਤਰ ਦੇ ਬੁਲਾਰੇ ਆਸਿਮ ਇਫਤਿਖਾਰ ਅਹਿਮਦ ਨੇ ਹਫਤਾਵਾਰੀ ਮੀਡੀਆ ਬ੍ਰੀਫਿੰਗ ਵਿੱਚ ਕਿਹਾ ਕਿ ਕਈ ਵਾਰੀ ਸਮਾਂ ਸੀਮਾ ਵਧਾ ਦਿੱਤੀ ਹੈ ਅਤੇ ਇਹ ਸੀਮਾ ਵਧਾਉਣ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ। ਉਧਰ ਅਫਗਾਨਿਸਤਾਨ ਵਿੱਚ ਵੱਡਾ ਖੁਰਾਕ ਦਾ ਸੰਕਟ ਪੈਦਾ ਹੈ।




# ਪਰਲ ਗਰੁੱਪ ਦੀਆਂ ਜਾਇਦਾਦਾਂ ਵੇਚ ਕੇ ਪੰਜਾਬ ਸਰਕਾਰ ਨਿਵੇਸ਼ਕਾਂ ਦੇ ਪੈਸੇ ਮੋੜੇਗੀ

ਚੰਡੀਗੜ੍ਹ, 29 ਅਗਸਤ (ਪੋਸਟ ਬਿਊਰੋ)- ਪਰਲ ਐਗਰੋਟੈਕ ਕਾਰਪੋਰੇਸ਼ਨ (ਪੀ ਏ ਸੀ ਐਲ) ਦੀਆਂ ਜਾਇਦਾਦਾਂ ਵੇਚ ਕੇ ਠੱਗੀ ਦਾ ਸ਼ਿਕਾਰ ਹੋਏ ਨਿਵੇਸ਼ਕਾਂ ਨੂੰ ਪੰਜਾਬ ਸਰਕਾਰ ਪੈਸਾ ਮੋੜੇਗੀ।



ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਕਿਹਾ ਸੀ ਕਿ ਪੰਜਾਬ ਦੇ ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਨੂੰ ਲੁੱਟ ਕੇ ਅਰਬਾਂ ਰੁਪਏ ਦੀ ਚੱਲ, ਅਚੱਲ ਜਾਇਦਾਦਾਂ ਬਣਾਉਣ ਵਾਲੀ ਕੰਪਨੀ ਬਖਸ਼ੀ ਨਹੀਂ ਜਾਵੇਗੀ। ਸੂਬੇ ਦੇ ਨਿਵੇਸ਼ਕਾਂ ਦੇ ਡੁੱਬੇ ਹੋਏ ਅੱਠ ਤੋਂ ਦਸ ਹਜ਼ਾਰ ਕਰੋੜ ਰੁਪਏ ਦੀ ਪੂਰਤੀ ਪਰਲ ਗਰੁੱਪ ਦੀ ਜਾਇਦਾਦ ਵੇਚ ਕੇ ਕੀਤੀ ਜਾਵੇਗੀ, ਜਿਸਦਾ ਪ੍ਰਬੰਧ ਕੀਤਾ ਜਾ ਰਿਹਾ ਹੈ।ਪੰਜਾਬ ਦੇ ਕਿੰਨੇ ਲੋਕਾਂ ਨਾਲ ਠੱਗੀ ਹੋਈ ਤੇ ਪਰਲ ਗਰੁੱਪ ਦੀ ਪੰਜਾਬ ਵਿੱਚ ਕਿੰਨੀ ਜਾਇਦਾਦ ਹੈ, ਇਹ ਪੰਜਾਬ ਸਰਕਾਰ ਨੇ ਬਿਊਰੋ ਆਫ ਇਨਵੈਸਟੀਗੇਸ਼ਨ (ਬੀ ਓ ਆਈ) ਨੂੰ ਸੌਂਪੀ ਗਈ ਹੈ। ਇਸ ਘੋਟਾਲੇ ਦੇ ਅਪਰਾਧਕ ਪੱਖ ਦੀ ਜਾਂਚ ਸੀ ਬੀ ਆਈ ਪਹਿਲਾਂ ਹੀ ਕਰ ਰਹੀ ਹੈ ਅਤੇ 11 ਲੋਕ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਬੀ ਓ ਆਈ ਸਿਰਫ ਇਹ ਜਾਂਚ ਕਰੇਗਾ ਕਿ ਕਿੰਨੇ ਲੋਕ ਠੱਗੀ ਦਾ ਸ਼ਿਕਾਰ ਹੋਏ ਹਨਅਤੇ ਇਸ ਦੇ ਨਾਲ ਹੀ ਪਰਲ ਗਰੁੱਪ ਦੀਆਂ ਜਾਇਦਾਦਾਂ ਦੀ ਪਛਾਣ ਵੀ ਕਰੇਗਾ।

ਨਿਵੇਸ਼ਕਾਂ ਦੀ ਲੜਾਈ ਲੜ ਰਹੇ 'ਇਨਸਾਫ ਦੀ ਆਵਾਜ਼' ਸੰਸਥਾ ਦੇ ਮੁਖੀ ਮਹਿੰਦਰ ਪਾਲ ਸਿੰਘ ਦਾਨਾਗੜ੍ਹ ਨੇ ਕਿਹਾ ਕਿ ਜਾਂਚ ਅੱਠ ਸਾਲ ਤੋਂ ਚੱਲ ਰਹੀ ਹੈ, ਨਿਵੇਸ਼ਕਾਂ ਦੇ ਪੈਸੇ ਵਾਪਸ ਕਰਵਾਉਣ ਲਈ ਸਰਕਾਰ ਸਖਤ ਕਦਮ ਚੁੱਕੇ। ਇਸ ਗਰੁੱਪ ਦੀਆਂ ਕਈ ਜਾਇਦਾਦਾਂ ਰਿਕਾਰਡ ਵਿੱਚ ਨਹੀਂ, ਇਨ੍ਹਾਂ ਨੂੰ ਰਿਕਾਰਡ ਉੱਤੇ ਲਿਆਉਣ ਦੀ ਲੋੜ ਹੈ। 14865 ਜਾਇਦਾਦਾਂ ਦੀ ਜਾਣਕਾਰੀ ਲੋਢਾ ਕਮੇਟੀ ਕੋਲ ਹੈ, ਜਿਹੜੀ ਸੁਪਰੀਮ ਕੋਰਟ ਦੇ ਨਿਰਦੇਸ਼ ਉੱਤੇ ਬਣੀ ਸੀ। ਦਾਨਾਗੜ੍ਹ ਨੇ ਦੱਸਿਆ ਕਿ ਪਰਲ ਗਰੁੱਪ ਦੀਆਂ ਦੇਸ਼ ਵਿੱਚ ਕਈ ਜਾਇਦਾਦਾਂ ਵੇਚ ਕੇ ਜਮ੍ਹਾਂ ਕੀਤੀ 1.97 ਕਰੋੜ ਰੁਪਏ ਰਾਸ਼ੀ ਕਮੇਟੀ ਕੋਲ ਹੈ, ਪਰ ਪੰਜਾਬ ਵਿੱਚ ਕਈ ਜਾਇਦਾਦਾਂ ਨੂੰ ਕਮੇਟੀ ਦੀ ਜਾਣਕਾਰੀ ਤੋਂ ਬਿਨਾਂ ਵੇਚਿਆ ਜਾ ਚੁੱਕਾ ਹੈ। ਲੋਢਾ ਕਮੇਟੀ ਨੇ ਨਿਵੇਸ਼ਕਾਂ ਨੂੰ 31 ਅਗਸਤ ਤਕ ਸਬੂਤ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਇਸ ਤੋਂ ਪਹਿਲਾਂ ਇਹ ਮੌਕਾ 30 ਜੂਨ 2022 ਤਕ ਸੀ ਜਿਸ ਨੂੰ ਪਿੱਛੋਂ ਵਧਾ ਦਿੱਤਾ ਗਿਆ ਸੀ।ਪਰਲ ਗਰੁੱਪ ਨੇ ਦੇਸ਼ ਵਿੱਚ ਸੱਠ ਹਜ਼ਾਰ ਕਰੋੜ ਰੁਪਏ ਦੀ ਠੱਗੀ ਕੀਤੀ ਸੀ। ਸੀ ਬੀ ਆਈ ਨੇ ਦੇਸ਼ ਵਿੱਚ ਪਰਲ ਗਰੁੱਪ ਦੇ ਚੇਅਰਮੈਨ ਨਿਰਮਲ ਸਿੰਘ ਭੰਗੂ ਦੀ 1.85 ਲੱਖ ਕਰੋੜ ਦੀ ਜਾਇਦਾਦ ਦੀ ਪਛਾਣ ਕੀਤੀ ਸੀ। ਭੰਗੂ ਨੇ ਕੁਝ ਆਸਟਰੇਲਿਆਈ ਕੰਪਨੀਆਂ ਵਿੱਚ ਵੀ ਨਿਵੇਸ਼ ਕੀਤਾ ਸੀ।

# ਕੈਪਟਨ ਅਮਰਿੰਦਰ ਦੀਆਂ ਫਾਈਲਾਂ ਖੁੱਲ੍ਹਣ ਤਾਂ 3400 ਕਰੋੜ ਰੁਪਏ ਦਾ ਘਪਲਾ ਨਿਕਲੇਗਾ : ਬਾਜਵਾ

ਪਟਿਆਲਾ, 29 ਅਗਸਤ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਾਫ ਕਿਹਾ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਨੀਤ ਕੌਰ ਤੋਂ ਕਾਂਗਰਸ ਆਜ਼ਾਦ ਹੋ ਚੁੱਕੀ ਹੈ ਅਤੇ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਲਈ ਕਾਂਗਰਸ ਵਿੱਚ ਕੋਈ ਜਗ੍ਹਾ ਨਹੀਂ, ਇਹ ਟੱਬਰ ਅੰਦਰਖਾਤੇ ਭਾਜਪਾ ਨਾਲ ਗੰਢਤੁਪ ਕਰਦਾ ਸੀ, ਜਿਸ ਦਾ ਚਿਹਰਾ ਬੇਨਕਾਬ ਹੋ ਚੁੱਕਾ ਹੈ।



ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਫਾਈਲਾਂ ਖੁੱਲ੍ਹ ਜਾਣ ਤਾਂ 3400 ਕਰੋੜ ਰੁਪਏ ਦਾ ਘਪਲਾ ਨਿਕਲੇਗਾ। ਸਰਕਟ ਹਾਊਸ ਵਿਖੇ ਪੱਤਰਕਾਰਾਂ ਨਾਲ ਦੌਰਾਨਬਾਜਵਾ ਨੇ ਕਿਹਾ ਕਿ ਪ੍ਰਨੀਤ ਕੌਰ ਨੇ ਬਥੇਰਾ ਕੁਝ ਕਾਂਗਰਸ ਤੋਂ ਖੱਟ ਲਿਆ, ਉਨ੍ਹਾਂ ਨੂੰ ਕਾਂਗਰਸ ਨੂੰ ਖੁਦ ਹੀ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਗਲੇ ਸਮੇਂ ਵਿੱਚ ਕਾਂਗਰਸ ਆਪਣਾ ਉਮੀਦਵਾਰ ਪ੍ਰਨੀਤ ਕੌਰ ਦੇ ਬਰਾਬਰ ਚੋਣਾਂ ਵਿੱਚ ਖੜ੍ਹਾ ਕਰੇਗੀ।ਇੱਕ ਸਵਾਲ ਦੇ ਜਵਾਬ ਵਿੱਚ ਬਾਜਵਾ ਨੇ ਕਿਹਾ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਨੀਤ ਕੌਰ ਜੋ ਸਨ, ਕਾਂਗਰਸ ਕਰ ਕੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਛੱਡਣ ਮਗਰੋਂ ਚੋਣਾਂ ਵਿੱਚਕੈਪਟਨ ਦੀ ਜ਼ਮਾਨਤ ਜ਼ਬਤ ਹੋ ਗਈ। ਉਨ੍ਹਾਂ ਨੇ ਸੁਖਪਾਲ ਸਿੰਘ ਖਹਿਰਾ ਬਾਰੇ ਵੀ ਸਾਫ ਕਿਹਾ ਕਿ ਪਾਰਟੀ ਅਨੁਸ਼ਾਸਨ ਕਾਇਮ ਰੱਖਣ, ਪਾਰਟੀ ਪਹਿਲਾਂ ਹੀ ਚੋਖਾ ਖਮਿਆਜ਼ਾ ਭੁਗਤ ਰਹੀ ਹੈ।

ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉੱਤੇਬਾਰੇ ਵੀ ਕਿਹਾ ਕਿ ਜੇ ਉਨ੍ਹਾ ਵਿੱਚ ਦਮ ਹੈ ਤਾਂ ਕਾਂਗਰਸ ਦੇ ਵਿਧਾਇਕ ਕਾਕਾ ਰਣਦੀਪ ਸਿੰਘ ਨੇ ਜੋ ਕੈਪਟਨ ਅਮਰਿੰਦਰ ਸਿੰਘ ਬਾਰੇ 1200 ਕਰੋੜ ਰੁਪਏ ਸਬੰਧੀ ਇੱਕ ਚਿੱਠੀ ਪ੍ਰਧਾਨ ਮੰਤਰੀ ਨੂੰ ਲਿਖੀ ਸੀ, ਉਸ ਦੀ ਜਾਂਚ ਕਰਾਉਣ, ਜਿਹੜੀ ਕਿ ਖੇਤੀਬਾੜੀ ਨਾਲ ਸਬੰਧਤ ਸਬਸਿਡੀ ਬਾਰੇ ਸੀ ਅਤੇ 3400 ਕਰੋੜ ਦਾ ਘਪਲਾ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਵਿਜੀਲੈਂਸ ਭੇਜ ਕੇ ਜਾਂਚ ਕਰਾਏ। ਉਨ੍ਹਾਂ ਕੇਜਰੀਵਾਲ ਨੂੰ ਕਿਹਾ ਕਿ ਆਪਣੀ ਪੀੜੀ ਹੇਠ ਸੋਟੀ ਫੇਰ ਲਓ, ਫਿਰ ਸਾਡੇ ਬਾਰੇ ਬੋਲਣਾ। ਉਨ੍ਹਾ ਪੁਛਿਆ ਕਿ ਮਨੀਸ਼ ਸਿਸੋਦੀਆ ਅਤੇ ਸਤਿੰਦਰ ਜੈਨ ਦਾ ਨਾਂ ਭ੍ਰਿਸ਼ਟਾਚਾਰ ਮਾਮਲੇ ਵਿੱਚ ਬੋਲਦਾ ਹੈ ਤਾਂਉਨ੍ਹਾਂ ਦੇ ਖਿਲਾਫ ਆਮ ਆਦਮੀ ਪਾਰਟੀ ਨੇਕੀ ਕਾਰਵਾਈ ਕੀਤੀ।

# ਪ੍ਰਾਈਵੇਟ ਕੰਪਨੀ ਵੱਲੋਂ ਪਲਾਟ ਹੋਲਡਰ ਨਾਲ ਲੱਖਾਂ ਦੀ ਠੱਗੀ

ਰੂਪਨਗਰ, 29 ਅਗਸਤ (ਪੋਸਟ ਬਿਊਰੋ)- ਮਨੋਹਰ ਇਨਫ੍ਰਾਸਟ੍ਰਕਚਰ ਐਂਡ ਕੰਸਟ੍ਰਕਸ਼ਨ ਪ੍ਰਾਈਵੇਟ ਲਿਮਿਟਿਡ ਕੰਪਨੀ ਵੱਲੋਂ ਮੁੱਲਾਂਪੁਰ (ਮੋਹਾਲੀ) ਵਿਖੇ ਪਲਾਟ ਹੋਲਡਰਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਦਾ ਭੇਦ ਖੁੱਲ੍ਹਾ ਹੈ।

ਪਤਾ ਲੱਗਾ ਹੈ ਕਿ ਪਲਾਟ ਹੋਲਡਰਾਂ ਨੇ ਲੱਗਭਗ ਦਸ ਸਾਲ ਪਹਿਲਾਂ ਪਲਾਟ ਲੈਣ ਲਈ ਪੈਸੇ ਜਮ੍ਹਾ ਕਰਵਾਏ ਸਨ, ਪਰ ਕੰਪਨੀ ਕਬਜ਼ਾ ਦੇਣ ਤੋਂ ਟਾਲ-ਮਟੋਲ ਕਰਦੀ ਹੈ। ਪਲਾਟ ਹੋਲਡਰਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਸਾਰੇ ਘਪਲੇ ਦੀ ਜਾਂਚ ਦੀ ਮੰਗ ਕੀਤੀ ਹੈ।ਡੀ ਆਈ ਜੀ ਰੂਪਨਗਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮੋਹਾਲੀ ਹੇਠਲੇ ਮੁੱਲਾਂਪੁਰ ਦੇ ਡੀ ਐਸ ਪੀ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।ਰੈਲੋਂ ਰੋਡ ਰੂਪਨਗਰ ਦੀ ਮਹਿਲਾ ਰਾਕੇਸ਼ ਰਾਣੀ ਨੇ ਪਲਾਟ ਦੇ ਕਬਜ਼ੇ ਦੇ ਨਾਂ ਉੱਤੇ ਉਸ ਨਾਲ ਹੋਈ ਲੱਖਾਂ ਰੁਪਏ ਦੀ ਠੱਗੀ ਬਾਰੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਅਤੇ ਗੁਰਪ੍ਰੀਤ ਸਿੰਘ ਭੁੱਲਰ ਡੀ ਆਈ ਜੀ ਰੂਪਨਗਰ ਰੇਂਜ ਨੂੰ ਸ਼ਿਕਾਇਤ ਦੇ ਕੇ ਇਨਸਾਫ਼ ਮੰਗਿਆ ਹੈ।

ਰਾਕੇਸ਼ ਰਾਣੀ ਸ਼ਰਮਾ ਪਤਨੀ ਸੋਹਣ ਲਾਲ ਸ਼ਰਮਾ ਵਾਸੀ ਰੈਲੋਂ ਰੋਡ ਰੂਪਨਗਰ ਨੇ ਦੱਸਿਆ ਕਿ ਉਨ੍ਹਾਂ ਨੇ ਮਨੋਹਰ ਇਨਫ੍ਰਾਸਟ੍ਰਕਚਰ ਐਂਡ ਕੰਸਟ੍ਰਕਸ਼ਨ ਮੁੱਲਾਂਪੁਰ ਵਿਖੇ ਪਾਲਮ ਗਾਰਡਨ ਵਿੱਚ 18,000 ਰੁਪਏ ਵਰਗ ਗਜ ਦੇ ਰੇਟ ਉੱਤੇ 300 ਵਰਗ ਗਜ ਦਾ ਪਲਾਟ ਬੁੱਕ ਕਰਾਇਆ ਅਤੇ ਬੁਕਿੰਗ ਰਾਸ਼ੀ 16,20,000 ਰੁਪਏ ਦੋ ਚੈੱਕਾਂ ਨਾਲ ਦਿੱਤੀ ਸੀ, ਜਦਕਿ ਬਾਕੀ ਪੇਮੈਂਟ 22 ਅਗਸਤ 2013 ਨੂੰ ਚਾਰ ਲੱਖ ਰੁਪਏ, ਐਚ ਡੀ ਐਫ ਸੀ ਬੈਂਕ ਦੇ ਪੇਅ ਆਰਡਰ ਰਾਹੀਂ 14 ਸਤੰਬਰ 2016 ਨੂੰ 6,80,000 ਰੁਪਏ ਚੈਕ ਰਾਹੀਂ, 29 ਅਗਸਤ 2016 ਨੂੰ ਤਿੰਨ ਲੱਖ ਰੁਪਏ ਚੈਕ ਰਾਹੀਂ ਅਤੇ 14 ਸਤੰਬਰ 2016 ਨੂੰ 12,17,600 ਰੁਪਏ ਐਚ ਡੀ ਐਫ ਸੀ ਚੈਕ ਦੇ ਪੇਅ ਆਰਡਰ ਰਾਹੀਂ ਅਦਾ ਕਰ ਦਿੱਤੀ ਸੀ। ਉਸ ਨੇ ਦੱਸਿਆ ਕਿ ਉਹ ਉਕਤ ਕੰਪਨੀ ਨੂੰ ਕੁੱਲ 42,17,600 ਰੁਪਏ ਦੇ ਚੁੱਕੀ ਹੈ ਤੇ ਕੰਪਨੀ ਦੇ ਮਾਲਕ ਨੇ ਭਰੋਸਾ ਦਿੱਤਾ ਸੀ ਕਿ ਪਲਾਟ ਦਾ ਜਲਦੀ ਕਬਜ਼ਾ ਦੇ ਦਿੱਤਾ ਜਾਵੇਗਾ। ਉਸ ਦੱਸਿਆ ਕਿ ਕੰਪਨੀ ਨੇ ਮੈਨੂੰ 271 ਵਰਗ ਗਜ ਦਾ ਪਲਾਟ ਨੰਬਰ 1307 ਅਲਾਟ ਕੀਤਾ ਸੀ ਅਤੇ ਇਸ ਦੇ ਮੈਂ ਕੰਪਨੀ ਨੂੰ 42,17,600 ਰੁਪਏ ਦੇ ਚੁੱਕੀ ਹਾਂ। ਕੰਪਨੀ ਨੇ ਬਾਕੀ ਅਲਾਟੀਆਂ ਨੂੰ ਪਲਾਟ ਦੇ ਦਿੱਤੇ ਹਨ ਪਰ ਉਸ ਨੂੰ ਲੱਖਾਂ ਰੁਪਏ ਲੈਣ ਦੇ ਬਾਵਜੂਦ ਪਲਾਟ ਦਾ ਕਬਜ਼ਾ ਨਹੀਂ ਦਿੱਤਾ ਜਾ ਰਿਹਾ।

# ਰੂਸੀ ਤੇਲ ਇੰਪੋਰਟ ਉਤੇ ਭਾਰਤ ਦੀ ਨਿੰਦਾ ਕਰਨਾ ਪੱਛਮੀ ਦੇਸ਼ਾਂ ਦਾ ਦੋਹਰਾ ਮਾਪਦੰਡ: ਰੂਸ



ਨਵੀਂ ਦਿੱਲੀ, 29 ਅਗਸਤ (ਪੋਸਟ ਬਿਊਰੋ)- ਰੂਸ ਦੇ ਰਾਜਦੂਤ ਡੇਨਿਸ ਅਲੀਪੋਵ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਦੇ ਦੇਸ਼ ਤੋਂ ਕੱਚੇ ਤੇਲ ਦੀ ਇੰਪੋਰਟ ਲਈ ਭਾਰਤ ਦੀ ਆਲੋਚਨਾ ਕਰਨਾ, ਪਰ 'ਆਪਣੀਆਂ ਗ਼ੈਰ-ਕਾਨੂੰਨੀ ਪਾਬੰਦੀਆਂ' ਤੋਂ ਆਪਣੇ ਆਪ ਨੂੰ ਛੋਟ ਦੇਣਾ ਪੱਛਮੀ ਦੇਸ਼ਾਂ ਦਾ ਸਿਧਾਂਤਹੀਣ ਰੁਖ ਤੇ ਦੋਹਰਾ ਮਾਪਦੰਡ ਹੈ।

ਇਸ ਬਾਰੇ ਰੂਸੀ ਰਾਜਦੂਤ ਨੇ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ ਕਿ ਭਾਰਤ ਅਤੇ ਰੂਸ ਵਿਚਾਲੇ ਵਪਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਭੁਗਤਾਨ ਦੇ ਕਈ ਸਿਸਟਮ ਮੌਜੂਦ ਹਨ ਅਤੇ ਏਸ਼ੀਆ ਅਤੇ ਪੱਛਮੀ ਏਸ਼ੀਆ ਵਿੱਚ ਵਿਹਾਰਕ ਬਦਲ ਪੇਸ਼ ਕਰਨ ਵਾਲੇ ਕੁਝ 'ਭਾਈਵਾਲਾਂ' ਨਾਲ ਤੀਜੇ ਦੇਸ਼ਾਂ ਦੀਆਂ ਕਰੰਸੀਆਂ ਦੀ ਵਰਤੋਂ ਕਰਨ ਦੀ ਵੀ ਬਦਲ ਹੈ।ਇਤਿਹਾਸਕ ਤੌਰ ਉੱਤੇ ਭਾਰਤ ਲਈ ਬਾਇਓ ਫਿਊਲ ਦਾ ਵੱਡਾ ਸਰੋਤ ਰੂਸ ਨਹੀਂ ਰਿਹਾ, ਪਰ ਪਿਛਲੇ ਕੁਝ ਮਹੀਨਿਆਂ ਵਿੱਚ ਰਿਆਇਤੀ ਦਰਾਂ ਉੱਤੇ ਰੂਸੀ ਕਰੂਡ ਦੀ ਇੰਪੋਰਟਵਿੱਚ ਭਾਰੀ ਵਾਧਾ ਦੇਖਿਆ ਹੈ, ਜਦੋਂ ਕਿ ਪੱਛਮੀ ਦੇਸ਼ ਇਸ ਉੱਤੇ ਇਤਰਾਜ਼ ਕਰਦੇ ਹਨ। ਅਲੀਪੋਵ ਨੇ ਕਿਹਾ,''ਭਾਰਤ ਦੀ ਆਲੋਚਨਾ ਕਰਨ ਵਾਲੇ ਪੱਛਮੀ ਦੇਸ਼ ਆਪਣੀਆਂ ਗੈਰ-ਕਾਨੂੰਨੀ ਪਾਬੰਦੀਆਂ ਤੋਂ ਛੋਟ ਦੇ ਕੇ ਰੂਸੀ ਊਰਜਾ ਸਰੋਤ ਖੁਦ ਸਰਗਰਮੀ ਨਾਲ ਖਰੀਦਣ ਬਾਰੇ ਨਾ ਸਿਰਫ ਚੁੱਪ ਵੱਟ ਰਹੇ ਹਨ, ਸਗੋਂ ਅਜਿਹਾ ਕਰ ਕੇ ਉਹ ਸਿਧਾਂਤਕ ਰੁਖ ਅਤੇ ਦੋਹਰੇ ਮਾਪਦੰਡਾਂ ਦੀ ਵੀ ਉਲੰਘਣਾ ਕਰ ਰਹੇ ਹਨ।''


# ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਂਦੇ ਸ਼ਰਧਾਲੂਆਂ ਦੇ ਜਥੇ ਨੂੰ ਟਰੱਕ ਨੇ ਟੱਕਰ ਮਾਰੀ, 8 ਮੌਤਾਂ



ਬਰੇਲੀ, 29 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਰੇਲੀ ਵਿੱਚ ਇੱਕ ਸੜਕ ਹਾਦਸੇ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਇਸ ਜ਼ਿਲ੍ਹੇ ਦੇ ਬਹੇੜੀ ਕੋਤਵਾਲੀ ਖੇਤਰ ਵਿੱਚ ਤੇਜ਼ ਰਫ਼ਤਾਰ ਟਰੱਕ ਨੇ ਸ਼ਰਧਾਲੂਆਂ ਵਾਲੀ ਟਰੈਕਟਰ-ਟਰਾਲੀ ਨੂੰ ਪਿਛਿਉਂ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਦੋ ਬੱਚਿਆਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਤੇ 37 ਤੋਂ ਵੱਧ ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚੋਂ ਤਿੰਨਾਂਦੀ ਹਾਲਤ ਨਾਜ਼ੁਕ ਹੈ। ਪੁਲਸ ਦੇ ਮੁਤਾਬਕ ਉਤਰਾਖੰਡ ਦੇ ਪੁਲਭੱਟਾ ਥਾਣਾ ਖੇਤਰ ਦੇ ਸ਼ਕਤੀ ਫਾਰਮ ਤੋਂ 40 ਤੋਂ 45 ਸ਼ਰਧਾਲੂਆਂ ਦਾ ਜੱਥਾ ਟਰਾਲੀ ਉੱਤੇ ਬਰੇਲੀ ਜ਼ਿਲ੍ਹੇ ਦੇ ਬਹੇੜ ਕੋਤਵਾਲੀ ਖੇਤਰ ਵਿੱਚ ਉਤਮ ਨਗਰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸਿਰਸਾ ਚੌਕੀ ਨੇੜੇ ਯੂ-ਟਰਨ ਲੈਂਦੇ ਸਮੇਂ ਪੁਲਭੱਟਾ ਵੱਲੋਂ ਆ ਰਹੇ ਟਰੱਕ ਨੇ ਟਰੈਕਟਰ-ਟਰਾਲੀ ਨੂੰ ਟੱਕਰ ਮਾਰ ਦਿੱਤੀ। ਪੁਲਸ ਨੇ ਦੱਸਿਆ ਕਿ ਜ਼ਖਮੀਆਂ ਨੂੰ ਤੁਰੰਤ ਕਮਿਊਨਿਟੀ ਸਿਹਤ ਕੇਂਦਰ ਕਿੱਛਾ (ਉਤਰਾਖੰਡ) ਅਤੇ ਬੇਹੜੀ (ਬਰੇਲੀ) ਲਿਜਾਇਆ ਗਿਆ।

## ਹਰ ਮਹੀਨੇ 12 ਲੱਖ ਤੋਂ ਵੱਧ ਗਏ ਰੈਨਸਮਵੇਅਰ ਸਾਈਬਰ ਹਮਲੇ




ਨਵੀਂ ਦਿੱਲੀ, 29 ਅਗਸਤ (ਪੋਸਟ ਬਿਊਰੋ)- ਇੱਕ ਰਿਪੋਰਟ ਮੁਤਾਬਕ ਪਿਛਲੀ ਜਨਵਰੀ ਤੋਂ ਜੂਨ ਵਿੱਚ ਰੈਨਸਮਵੇਅਰ ਹਮਲਿਆਂ ਦੀ ਗਿਣਤੀ 12 ਲੱਖ ਪ੍ਰਤੀ ਮਹੀਨੇ ਤੋਂ ਵੱਧ ਹੋ ਗਈ ਹੈ। ਪਿਛਲੇ 12 ਮਹੀਨਿਆਂ ਵਿੱਚ ਬਾਰਾਕੁ-ਡਾ ਨੈਟਵਰਕ ਦੇ ਸਾਈਬਰ-ਸੁਰੱਖਿਆ ਖੋਜਕਾਰਾਂ ਨੇ 106 ਵੱਧ ਤੋਂ ਵੱਧ ਪ੍ਰਚਾਰਤ ਰੈਨਸਮਵੇਅਰ ਹਮਲਿਆਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਦੀ ਜਾਂਚ ਕਰ ਕੇ ਪਤਾ ਲਾਇਆ ਕਿ ਪ੍ਰਮੁੱਖ ਟੀਚਾ ਅਜੇ ਪੰਜ ਪ੍ਰਮੁੱਖ ਉਦਯੋਗ, ਸਿੱਖਿਆ, ਨਗਰ ਪਾਲਿਕਾ, ਸਿਹਤ ਸੇਵਾ, ਬੁਨਿਆਦੀ ਢਾਂਚਾ ਅਤੇ ਵਿੱਤ ਮਾਮਲੇ ਹੀ ਹਨ। ਖੋਜਕਾਰਾਂ ਨੇ ਉਨ੍ਹਾਂ ਸਰਵਿਸ ਪ੍ਰੋਵਾਈਡਰਜ਼ ਦੀ ਗਿਣਤੀ ਵਿੱਚ ਵੀ ਵਾਧਾ ਦੇਖਿਆ, ਜੋ ਰੈਨਸਮਵੇਅਰ ਹਮਲੇ ਤੋਂ ਪ੍ਰਭਾਵਤ ਹੋਏ ਹਨ। ਬਾਰਾਕੁਡਾ ਨੈਟਵਰਕਸ ਇੰਡੀਆ ਦੇ ਕੰਟਰੀ ਮੈਨੇਜਰ ਪਰਾਗ ਖੁਰਾਣਾ ਨੇ ਕਿਹਾ, ''ਰੈਨਸਮਵੇਅਰ ਦੇ ਹਮਲਾਵਰ ਨੂੰ ਹੁੜਦੰਗੀ ਰਹਿੰਦੇ ਹਨ ਤੇ ਲੰਬਾ ਸਮਾਂ ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਦੇ ਨਾਲ ਆਪਣੇ ਕਾਰੋਬਾਰ ਨੂੰ ਚਲਾਉਣਾ ਜਾਰੀ ਰੱਖਦੇ ਹਨ। ਜਿਵੇਂ ਰੈਨਸਮਵੇਅਰ ਅਤੇ ਦੂਸਰਾ ਸਾਈਬਰ ਖਤਰਿਆਂ ਦਾ ਵਿਕਾਸ ਜਾਰੀ ਹੈ, ਲੋੜੀਂਦੇ ਸੁਰੱਖਿਆ ਨਿਪਟਾਰੇ ਦੀ ਲੋੜ ਕਦੇ ਵੀ ਜ਼ਿਆਦਾ ਨਹੀਂ ਰਹੀ।''ਨਗਰ ਪਾਲਿਕਾਵਾਂ ਉੱਤੇ ਹਮਲੇ ਕੇਵਲ ਥੋੜ੍ਹੇ ਵਧੇ, ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਵਿਦਿਅਕ ਸੰਸਥਾਵਾਂ ਉੱਤੇਰੈਨਸਮਵੇਅਰ ਦੇ ਹਮਲੇ ਦੁੱਗਣੇ ਤੋਂ ਵੱਧ ਹੋ ਗਏ ਅਤੇ ਸਿਹਤ ਅਤੇ ਵਿੱਤੀ ਖੇਤਰਾਂ ਉੱਤੇ ਹਮਲੇ ਤਿੰਨ ਗੁਣਾ ਹੋ ਗਏ। ਇਸ ਮੁਤਾਬਕ ''ਕਈ ਸਾਈਬਰ ਅਪਰਾਧੀ ਵੱਡੇ ਸੰਗਠਨਾਂ ਤਕ ਪਹੁੰਚ ਕਰਨ ਦੇ ਲਈ ਛੋਟੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਸੁਰੱਖਿਆ ਪ੍ਰੋਵਾਈਡਰਾਂ ਲਈ ਜ਼ਰੂਰੀ ਹੈ ਕਿ ਉਹ ਅਜਿਹੇ ਉਤਪਾਦ ਤਿਆਰ ਕਰਨ, ਜੋ ਕੰਪਨੀ ਦੇ ਆਕਾਰ ਦੀ ਪ੍ਰਵਾਹ ਕੀਤੇ ਬਿਨਾਂ ਉਪਯੋਗ ਅਤੇ ਲਾਗੂ ਕਰਨ ਵਿੱਚ ਆਸਾਨ ਹੋਣ।''

# ਮਮਤਾ ਦੇ ਮੰਤਰੀ ਨੇ ਹੀ ਪਾਰਟੀ ਵਿਚਲੇ ਭ੍ਰਿਸ਼ਟਾਚਾਰ ਦੀ ਪੋਲ ਖੋਲ੍ਹੀ



ਕੋਲਕਾਤਾ, 29 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮਮਤਾ ਸਰਕਾਰ ਦੇ ਮੰਤਰੀ ਸ੍ਰੀਕਾਂਤ ਮਹਿਤੋ ਨੇ ਪਾਰਟੀ ਵਿੱਚ ਭ੍ਰਿਸ਼ਟਾਚਾਰ ਦੀ ਪੋਲ ਖੋਲ੍ਹ ਦਿੱਤੀ ਤਾਂ ਤ੍ਰਿਣਮੂਲ ਲੀਡਰਸ਼ਿਪ ਦੀ ਪਰੇਸ਼ਾਨੀ ਵੱਧ ਗਈ ਹੈ।

ਕੱਲ੍ਹ ਰਾਤ ਵਾਇਰਲ ਹੋਈਇੱਕ ਵੀਡੀਓ ਵਿੱਚ ਮੰਤਰੀ ਕਹਿੰਦੇ ਸੁਣਦੇ ਹਨ ਕਿ ਟੀ ਐਮ ਸੀ ਦੇ ਨੇਤਾ ਲੁੱਟ ਕੇ ਖਾ ਰਹੇ ਹਨ ਤੇ ਪਾਰਟੀ ਇਨ੍ਹਾਂ ਨੂੰ ਆਪਣੀ ਜਾਇਦਾਦ ਕਹਿੰਦੀ ਹੈ। ਮੀਡੀਆ ਵੀਡੀਓ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਕਰਦਾ। ਖਪਤਕਾਰ ਮਾਮਲਿਆਂ ਦੇ ਰਾਜ ਮੰਤਰੀ ਤੇ ਪੱਛਮੀ ਮੇਦਨਪੁਰ ਜ਼ਿਲ੍ਹੇ ਦੇ ਸ਼ਾਲਬਨੀ ਦੇ ਵਿਧਾਇਕ ਸ੍ਰੀਕਾਂਤ ਮਹਿਤੋ ਇਸ ਵੀਡੀਓ ਵਿੱਚ ਕਹਿੰਦੇ ਹਨ ਕਿ ਨੁਸਰਤ ਜਹਾਂ, ਮਿਮੀ ਚੱਕਰਵਰਤੀ, ਜੂਨ ਮਾਲਿਆ, ਸਾਇਨੀ ਘੋਸ਼, ਸਾਯੰਤਿਕਾ ਬੈਨਰਜੀ, ਉਮਾ ਸਰੇਨ, ਸੰਧਿਆ ਰਾਏ, ਮੁਨਮੁਨ ਸੇਨ, ਨੇਪਾਲ ਸਿੰਘ, ਸੰਦੀਪ ਸਿੰਘ, ਉਤਰਾ ਸਿੰਘ ਵਰਜੇ ਪਾਰਲੀਮੈਂਟ ਮੈਂਬਰ, ਵਿਧਾਇਕ ਅਤੇ ਨੇਤਾ ਲੁੱਟ ਦਾ ਮਾਲ ਖਾ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਪਾਰਟੀ ਦੀ ਜਾਇਦਾਦ ਮੰਨਿਆ ਜਾਂਦਾ ਹੈ। ਸ੍ਰੀਕਾਂਤ ਮਹਿਤੋ ਦੇ ਬਿਆਨ ਪਿੱਛੋਂ ਤ੍ਰਿਣਮੂਲ ਕਾਂਗਰਸ ਵਿੱਚ ਤਰਥੱਲੀ ਮਚ ਗਈ ਹੈ। ਢਾਈ ਮਿੰਟ ਦੀਵੀਡੀਓ ਵਿੱਚ ਸ੍ਰੀਕਾਂਤ ਮਹਿਤੋ ਕਹਿੰਦੇ ਹਨ ਕਿ ਕੀ ਸਾਨੂੰ ਜੀਊਣ ਦਾ ਹੱਕ ਨਹੀਂ ਚਾਹੀਦਾ। ਸਾਡੀ ਨਾਗਰਿਕਤਾ ਕੀ ਨਹੀਂ ਹੋਵੇਗੀ? ਅਸੀਂ ਇਹੀ ਕਹਿਣਾ ਚਾਹੁੰਦੇ ਹਾਂ। ਜੇ ਸਾਡੀ ਨਾਗਰਿਕਤਾ, ਅਧਿਕਾਰ ਖੋਹ ਲਏ ਤਾਂ ਅਸੀਂ ਕੀ ਕਰੀਏ? ਕੀ ਕੀਤਾ ਜਾਵੇ?


# ਸਟਾਕਟਨ ਗੁਰਦੁਆਰੇ ਨੇੜੇ ਦੋ ਧਿਰਾਂ ਵਿਚਾਲੇ ਗੋਲੀਬਾਰੀ, 3 ਜ਼ਖ਼ਮੀ




ਵਾਸ਼ਿੰਗਟਨ, 29 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਕੈਲੀਫੋਰਨੀਆ ਵਿੱਚ ਗੁਰਦੁਆਰੇਨੇੜੇ ਗੋਲੀਬਾਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਸਟਾਕਟਨਦੀ ਹੈ। ਪੁਲਸ ਅਧਿਕਾਰੀਆਂ ਨੂੰ ਸਥਾਨਕ ਸਮੇਂ ਅਨੁਸਾਰ ਬੀਤੇ ਦਿਨ ਸ਼ਾਮ ਨੂੰ 6.42 ਵਜੇ ਘਟਨਾ ਦੀ ਜਾਣਕਾਰੀ ਮਿਲੀ। ਇਸ ਘਟਨਾ ਵਿੱਚ ਤਿੰਨ ਲੋਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ, ਜਿਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਪੁਲਸ ਦੇ ਮੁਤਾਬਕ ਕੋਈ ਗੰਭੀਰ ਜ਼ਖ਼ਮੀ ਨਹੀਂ ਹੈ।

ਇਸ ਘਟਨਾ ਨੂੰ ਦੋ ਸਿੱਖ ਗਰੁੱਪਾਂ ਦੇ ਵਿਵਾਦ ਦਾ ਨਤੀਜਾ ਦੱਸਿਆ ਗਿਆ ਹੈ। ਗੋਲੀ ਚਲਾਉਣ ਵਾਲੇ ਅਤੇ ਪੀੜਤ ਦੋਵੇਂ ਸਿੱਖ ਹਨ। ਪਹਿਲਾਂ ਖ਼ਬਰ ਸੀ ਕਿ ਗੋਲੀਬਾਰੀ ਗੁਰਦੁਆਰੇ ਵਿੱਚ ਹੋਈ ਹੈ, ਪਰ ਗੁਰਦੁਆਰਾ ਕਮੇਟੀ ਨੇ ਕਿਹਾ ਕਿ ਵੇਟ ਲਿਫਟਿੰਗ ਦਾ ਇੱਕ ਪ੍ਰੋਗਰਾਮ ਹੋ ਰਿਹਾ ਸੀ, ਗੋਲੀਬਾਰੀ ਦਾ ਉਸ ਨਾਲ ਕੋਈ ਲੈਣ ਦੇਣ ਨਹੀਂ। ਪੁਲਸ ਨੇ ਇਸ ਬਾਰੇਕਿਹਾ ਕਿ ਜਾਂਚ ਕੀਤੀ ਜਾ ਰਹੀ ਹੈ। ਗੋਲੀਬਾਰੀ ਸਮੇਂ ਬਣਾਈ ਇੱਕ ਵੀਡੀਓ ਸ਼ੋਸਲ ਮੀਡੀਆ ਉੱਤੇ ਹੈ। ਇਹ ਵੀਡੀਓ ਨੂੰ ਰਵਿੰਦਰ ਸਿੰਘ ਰੋਬਿਨ ਨੇ ਟਵੀਟ ਕੀਤਾ ਹੈ, ਜਿਸ ਵਿੱਚ ਮੰਚ ਉੱਤੇ ਪ੍ਰੋਗਰਾਮ ਚਲਦਾ ਦਿੱਸਦਾ ਹੈ। ਇਸ ਦੌਰਾਨ ਕਈ ਰਾਊਂਡ ਗੋਲੀਆਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਆਵਾਜ਼ ਸੁਣ ਕੇ ਪੰਡਾਲ ਵਿੱਚ ਹਫੜਾ ਦਫੜੀ ਮਚ ਜਾਂਦੀ ਹੈ।

## ਅਦਾਲਤੀ ਮਾਣਹਾਨੀ ਕੇਸ ਵਿਚ ਇਮਰਾਨ ਖਾਨ ਦੇ ਖਿਲਾਫ ਸੁਣਵਾਈ ਪੰਜ ਜੱਜਾਂ ਦਾ ਬੈਂਚ ਕਰੇਗਾ



ਇਸਲਾਮਾਬਾਦ, 29 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖਿਲਾਫ ਅਦਾਲਤੀ ਮਾਣਹਾਨੀ ਦੇ ਕੇਸ ਦੀ ਸੁਣਵਾਈਇਸਲਾਮਾਬਾਦ ਹਾਈ ਕੋਰਟ ਦਾ ਪੰਜ ਜੱਜਾਂ ਦਾ ਬੈਂਚ ਕਰੇਗਾ।

ਵਰਨਣ ਯੋਗ ਹੈ ਕਿ ਇਮਰਾਨ ਖਾਨ ਨੇ ਇੱਕ ਰੈਲੀ ਵਿੱਚ ਮਹਿਲਾ ਜੱਜ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਇਮਰਾਨ ਦੇ ਖਿਲਾਫ ਸੁਣਵਾਈ ਕਰਨ ਵਾਲੇ ਬੈਂਚ ਦੀ ਅਗਵਾਈ ਹਾਈ ਕੋਰਟ ਦੇ ਚੀਫ ਜਸਟਿਸ ਕਰਨਗੇ। ਇਸ ਤੋਂ ਪਹਿਲਾਂ ਇਹ ਕੇਸ ਤਿੰਨ ਜੱਜਾਂ ਦਾ ਬੈਂਚ ਸੁਣ ਰਿਹਾ ਸੀ। ਹਾਈ ਕੋਰਟ ਨੇ ਮੰਗਲਵਾਰ ਨੂੰ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਚੇਅਰਮੈਨ ਇਮਰਾਨ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਅਤੇ 31 ਅਗਸਤ ਨੂੰ ਪੇਸ਼ ਹੋਣ ਲਈ ਕਿਹਾ ਸੀ। ਇਮਰਾਨ ਉੱਤੇ ਦੋਸ਼ ਹੈ ਕਿ ਉਨ੍ਹਾਂ ਜ਼ਿਲ੍ਹਾ ਅਤੇ ਸੈਸ਼ਨ ਜੱਜ ਜ਼ੇਬਾ ਚੌਧਰੀ ਨੂੰ ਟਿੱਪਣੀਆਂ ਕਰ ਕੇ ਧਮਕਾਇਆ ਹੈ। ਇਸ ਜੱਜ ਨੇ ਇਮਰਾਨ ਦੇ ਸਹਿਯੋਗੀ ਸ਼ਾਹਬਾਜ਼ ਗਿੱਲ ਦਾ ਪੁਲਸ ਨੂੰ ਦੋ ਦਿਨਾਂ ਦਾ ਰਿਮਾਂਡ ਦਿੱਤਾ ਸੀ।ਸ਼ਾਹਬਾਜ਼ ਗਿੱਲ ਨੂੰ ਦੇਸ਼ਧ੍ਰੋਹ ਦੇ ਦੋਸ਼ ਹੇਠ ਦੋ ਹਫਤੇ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਸੀ। ਇੱਥੇ 20 ਅਗਸਤ ਨੂੰ ਹੋਈ ਰੈਲੀ ਵਿੱਚ ਇਮਰਾਨ ਨੇ ਧਮਕੀ ਦਿੱਤੀ ਕਿ ਉਹ ਇਸਲਾਮਾਬਾਦ ਦੇ ਆਈ ਜੀ (ਪੁਲਸ) ਅਤੇ ਡੀ ਆਈ ਜੀ ਵਿਰੁੱਧ ਕੇਸ ਕਰਨਗੇ। ਉਨ੍ਹਾਂ ਇਸ ਮੌਕੇ ਨਿਆਂਪਾਲਿਕਾ ਨੂੰ ਵੀ ਪੱਖਪਾਤੀ ਕਰਾਰ ਦਿੱਤਾ ਅਤੇ ਕਿਹਾ ਕਿ ਅਦਾਲਤਾਂ ਦਾ ਉਨ੍ਹਾਂ ਦੀ ਪਾਰਟੀ ਪ੍ਰਤੀ ਰਵੱਈਆ ਪੱਖਪਾਤੀ ਹੈ। ਇਮਰਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

# ਸ੍ਰੀਲੰਕਾ ਨੂੰ ਕਰਜ਼ਾ ਰਾਹਤ ਦੇਣ ਉਤੇ ਚੀਨ ਨੇ ਪੱਲਾ ਝਾੜਿਆ



ਕੋਲੰਬੋ, 29 ਅਗਸਤ (ਪੋਸਟ ਬਿਊਰੋ)- ਚੀਨ ਨੇ ਸ੍ਰੀਲੰਕਾ ਨੂੰ ਕਰਜ਼ੇ ਵਿੱਚ ਰਾਹਤ ਦੇਣ ਦੀ ਅਪੀਲ ਉੱਤੇ ਸਿੱਧਾ ਜਵਾਬ ਦੇਣ ਤੋਂ ਬਚਦੇ ਹੋਏ ਕਿਹਾ ਕਿ ਗੇਂਦ ਸ੍ਰੀਲੰਕਾ ਦੇ ਖੇਤਰ ਵਿੱਚ ਹੈ।

ਵਰਨਣ ਯੋਗ ਹੈ ਕਿ ਸ੍ਰੀਲੰਕਾ ਇਸ ਸਮੇਂ ਗੰਭੀਰ ਆਰਥਿਕ ਸੰਕਟ ਵਿੱਚ ਹੈ। ਇਸ ਨੇ ਚੀਨ ਨੂੰ ਉਸ ਦੇ ਕਰਜ਼ੇ ਦੇ ਪੁਨਰਗਠਨ ਦੀ ਅਪੀਲ ਕੀਤੀ ਹੈ। ਅੰਦਾਜ਼ਾ ਹੈ ਕਿ ਸ੍ਰੀਲੰਕਾ ਨੇ ਇਸ ਸਾਲ ਚੀਨ ਨੂੰ 1.5 ਨੂੰ ਦੋ ਅਰਬ ਡਾਲਰ ਦੇ ਕਰਜ਼ੇ ਦਾ ਭੁਗਤਾਨ ਕਰਨਾ ਹੈ। ਬੀਤੇ ਕੁਝ ਸਾਲਾਂ ਵਿੱਚ ਸ੍ਰੀਲੰਕਾ ਵਿੱਚ ਚੀਨ ਦਾ ਕਰਜ਼ਾ ਤੇ ਨਿਵੇਸ਼ ਅੱਠ ਅਰਬ ਡਾਲਰ ਤੋਂ ਵੱਧ ਹੋਣ ਦਾ ਅੰਦਾਜ਼ਾ ਹੈ। ਚੀਨ ਨੇ ਹਾਲੇ ਤਕ ਸ੍ਰੀਲੰਕਾ ਨੂੰ ਕਰਜ਼ੇ ਵਿੱਚ ਰਾਹਤ ਦਾ ਕੋਈ ਜਨਤਕ ਐਲਾਨ ਨਹੀਂ ਕੀਤਾ।

ਡੇਲੀ ਮਿਰਰ ਦੀ ਵੈਬਸਾਈਟ ਨੇ ਚੀਨੀ ਦੂਤਘਰ ਦੇ ਬੁਲਾਰੇ ਦੇ ਹਵਾਲੇ ਨਾਲ ਕਿਹਾ ਹੈ ਕਿ ਚੀਨ ਨੇ ਤਿੰਨ ਮਹੀਨੇ ਪਹਿਲਾਂ ਸ੍ਰੀਲੰਕਾ ਦੇ ਵਿੱਤ ਮੰਤਰੀ ਨੂੰ ਇਸਚਰਚਾ ਲਈ ਤਿਆਰ ਰਹਿਣ ਨੂੰ ਕਿਹਾ ਸੀ ਕਿ ਚੀਨੀ ਬੈਂਕਾਂ ਨਾਲ ਕਰਜ਼ੇ ਦੇ ਮੁੱਦੇ ਦਾ ਨਿਬੇੜਾ ਕਿਵੇਂ ਕੀਤਾ ਜਾਵੇ। ਚੀਨ ਨੇ ਆਪਣੇ ਬੈਂਕਾਂ ਨੂੰ ਇਸ ਬਾਰੇ ਚਰਚਾ ਲਈ ਉਤਸ਼ਾਹਤ ਕੀਤਾ ਹੈ। ਉਸ ਦੇ ਪ੍ਰਧਾਨ ਮੰਤਰੀ ਲੀ ਕੇਕੀਆਂਗ ਅਤੇ ਸ੍ਰੀਲੰਕਾ ਦੇ ਓਦੋਂ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਵਿਚਾਲੇ ਫੋਨ ਉੱਤੇ ਹੋਈ ਗੱਲਬਾਤ ਦੌਰਾਨ ਇਸ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਚੀਨੀ ਦੂਤਘਰ ਦੇ ਬੁਲਾਰੇ ਨੇ ਕਿਹਾ, ''ਅਸੀਂ ਵਿੱਤ ਮੰਤਰਾਲੇ ਨੂੰ ਮਤਾ ਭੇਜ ਦਿੱਤਾ ਹੈ, ਪਰ ਉਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਿਆ।''

ਇਸ ਦੌਰਾਨ ਸ੍ਰੀਲੰਕਾ ਦੀ ਸਮੁੰਦਰੀ ਫੌਜ ਨੇ ਛੇ ਭਾਰਤੀ ਮਛੇਰਿਆਂ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਦੀ ਮੱਛੀ ਫੜਨ ਵਾਲੀ ਕਿਸ਼ਤੀ ਵੀ ਜ਼ਬਤ ਕਰ ਲਈ ਹੈ। ਸ੍ਰੀਲੰਕਾਈ ਸਮੁੰਦਰੀ ਫੌਜ ਨੇ ਇਨ੍ਹਾਂ ਨੂੰ ਦੇਸ਼ ਦੀ ਸਮੁੰਦਰੀ ਹੱਦ ਵਿੱਚ ਮੱਛੀਆਂ ਫੜਨ ਦੇ ਦੋਸ਼ ਵਿੱਚ ਫੜਿਆ ਹੈ। ਇਸ ਤੋਂ ਪਹਿਲਾਂ 22 ਅਗਸਤ ਨੂੰ 10 ਅਤੇ 10 ਅਗਸਤ ਨੂੰ ਨੌਂ ਭਾਰਤੀ ਮਛੇਰਿਆਂ ਨੂੰ ਫੜਿਆ ਗਿਆ ਸੀ। ਸ੍ਰੀਲੰਕਾਈ ਸਮੁੰਦਰੀ ਫੌਜ ਨੇ ਕਿਹਾ ਕਿ ਬੀਤੇ ਸ਼ਨੀਵਾਰ ਤਲਾਈਮੰਨਾਰ ਕੋਲ ਭਾਰਤੀ ਮਛੇਰਿਆਂ ਨੂੰ ਕਾਬੂ ਕੀਤਾ ਗਿਆ। ਭਾਰਤ ਤੇ ਸ੍ਰੀਲੰਕਾ ਵਿਚਾਲੇ ਮਛੇਰਿਆਂ ਦਾ ਮੁੱਦਾ ਲਗਾਤਾਰ ਬਣਿਆ ਹੋਇਆ ਹੈ।

# ਚੰਦਾ ਇਕੱਠਾ ਕਰ ਕੇ ਸਸਕਾਰ ਹੋਣਾ ਸੀ, ਪਰ ਜੇਬ ਵਿੱਚੋਂ ਹੀ 1.80 ਲੱਖ ਮਿਲ ਗਏ

ਸ਼ੇਖਪੁਰਾ, 29 ਅਗਸਤ (ਪੋਸਟ ਬਿਊਰੋ)- ਬਿਹਾਰ ਦੇ ਸ਼ੇਖਪੁਰਾ ਵਿੱਚ ਭਦੋਸ ਪਿੰਡ ਦੇ ਜ਼ਿਮੀਦਾਰ ਰਾਮ ਸਰੂਪ ਸਿੰਘ ਦੇ ਛੋਟੇ ਪੁੱਤਰ ਕਪਿਲ ਸਿੰਘ (65) ਨੇ ਸਾਰੀ ਜ਼ਿੰਦਗੀ ਫੁੱਟਪਾਥ ਉੱਤੇ ਗਰੀਬੀ ਵਿੱਚ ਗੁਜ਼ਾਰੀ। ਸ਼ਹਿਰ ਵਿੱਚ ਚਾਹ-ਬਿਸਕੁਟ ਵੇਚਦੇ, ਪਿੰਡ ਆਉਂਦੇ ਤਾਂ ਢਹਿ ਚੁੱਕੇ ਘਰ ਦੇ ਸਾਹਮਣੇ ਚਬੂਤਰੇ ਉੱਤੇਹੀ ਸੌਂ ਜਾਂਦੇ, ਕਿਸੇ ਤੋਂ ਮੰਗ ਕੇ ਰੋਟੀ ਖਾ ਲੈਂਦੇ। ਲੋਕ ਉਨ੍ਹਾਂ ਦੀ ਗਰੀਬੀ ਅਤੇ ਲਾਚਾਰੀ ਉੱਤੇ ਤਰਸ ਖਾਂਦੇ।

ਸ਼ਨੀਵਾਰ ਦੁਪਹਿਰੇ ਉਹ ਅਚਾਨਕ ਗਸ਼ ਖਾ ਕੇ ਡਿੱਗੇ ਅਤੇ ਮੌਤ ਹੋ ਗਈ। 12 ਘੰਟੇ ਬਾਅਦ ਪੁਲਸ ਨੇ ਉਨ੍ਹਾਂ ਦੀ ਪਛਾਣ ਕੀਤੀ ਅਤੇ ਪਿੰਡ ਵਾਸੀਆਂ ਨੂੰ ਦੱਸਿਆ। ਪਿੰਡ ਵਾਸੀ ਆਏ ਤੇ ਉਨ੍ਹਾਂ ਦੀ ਲਾਸ਼ ਪਿੰਡ ਲੈ ਗਏ। ਚੰਦਾ ਇਕੱਠਾ ਕਰ ਕੇ ਸਸਕਾਰ ਦੀ ਤਿਆਰੀ ਕੀਤੀ ਜਾਣ ਲੱਗੀ। ਸਨਾਤਨ ਪਰੰਪਰਾ ਅਨੁਸਾਰ ਲਾਸ਼ ਨੂੰ ਇਸ਼ਨਾਨ ਕਰਾਉਣ ਲਈ ਕੱਪੜੇ ਬਦਲਣ ਸਮੇਂ ਕਿਸੇ ਨੇ ਉਨ੍ਹਾਂ ਦੀ ਪੈਂਟ ਦੀ ਜੇਬ ਫਰੋਲੀ ਤਾਂ ਨੋਟਾਂ ਦਾ ਬੰਡਲ ਦੇਖ ਕੇ ਹੈਰਾਨ ਰਹਿ ਗਏ। ਗਿਣਤੀ ਕੀਤੀ ਗਈ ਤਾਂ ਕੁੱਲ ਇੱਕ ਲੱਖ ਅੱਸੀ ਹਜ਼ਾਰ 265 ਰੁਪਏ ਨਿਕਲੇ। ਪਿੰਡ ਦੇ ਮਹੀਪਾਲ ਸਿੰਘ ਨੇ ਕਿਹਾ ਕਿ ਕਪਿਲ ਸਿੰਘ ਨੇ ਜ਼ਿੰਦਗੀ ਫੁੱਟਪਾਥ ਉੱਤੇ ਤੰਗੀ-ਤੁਰਸ਼ੀ ਨਾਲ ਗੁਜ਼ਾਰੀ, ਪਰ ਮਰੇ ਤਾਂ ਲਖਪਤੀ ਨਿਕਲੇ। ਪੂਰੇ ਪਿੰਡ ਦੇ ਲੋਕ ਮਿਲ ਕੇ ਉਨ੍ਹਾਂ ਦਾ ਚੰਗੇ ਤਰੀਕੇ ਨਾਲ ਸਸਕਾਰ ਅਤੇ ਬ੍ਰਹਮਭੋਜ ਕਰਾਉਣਗੇ, ਤਾਂ ਕਿ ਉਨ੍ਹਾਂ ਦੀ ਆਤਮਾ ਨੂੰ ਤ੍ਰਿਪਤੀ ਮਿਲ ਸਕੇ।

ਮਿਲੀ ਜਾਣਕਾਰੀ ਅਨੁਸਾਰ ਕਪਿਲ ਸਿੰਘ ਦੇ ਪਿਤਾ ਭਦੋਸ ਪਿੰਡ ਦੇ ਰਾਮਸਰੂਪ ਸਿੰਘ ਕਦੀ ਚਾਲੀ ਵੀਘਾ ਜ਼ਮੀਨ ਦੇ ਮਾਲਕ ਸਨ ਅਤੇ ਪਿੰਡ ਵਿੱਚ ਜ਼ਿੰਮੀਂਦਾਰ ਸਨ। ਉਨ੍ਹਾਂ ਨੇ ਆਪਣੇ ਜੀਊਂਦਿਆਂ ਹੀ ਬਹੁਤੇ ਖੇਤ ਵੇਚ ਦਿੱਤੇ। ਬਚੇ ਹੋਏ ਖੇਤ ਉਨ੍ਹਾਂ ਦੇ ਦੋ ਪੁੱਤਰਾਂ ਸਾਧੂ ਸਿੰਘ ਤੇ ਕਪਿਲ ਸਿੰਘ ਨੇ ਵੇਚ ਦਿੱਤੇ। ਦੋਵਾਂ ਦਾ ਵਿਆਹ ਨਹੀਂ ਹੋਇਆ ਸੀ।ਵੱਡੇ ਪੁੱਤਰ ਸਾਧੂ ਸਿੰਘ ਨੇ ਵੀ ਫੁੱਟਪਾਥ ਉੱਤੇ ਜ਼ਿੰਦਗੀ ਗੁਜ਼ਾਰੀ। ਉਸ ਦੀ ਤਿੰਨ ਸਾਲ ਪਹਿਲਾਂ ਸ਼ੇਖਪੁਰਾ ਨਗਰ ਦੇ ਗੋਲਾ ਰੋਡ ਵਿੱਚ ਮਜ਼ਦੂਰੀ ਕਰਦੇ ਸਮੇਂ ਅਚਾਨਕ ਸੜਕ ਉੱਤੇ ਡਿੱਗਣ ਕਾਰਨ ਮੌਤ ਹੋ ਗਈ। ਪਿੰਡ ਦੇ ਲੋਕਾਂ ਨੇ ਉਨ੍ਹਾਂ ਦਾ ਸਸਕਾਰ ਚੰਦਾ ਇਕੱਠਾ ਕਰ ਕੇ ਕੀਤਾ ਸੀ। ਇਸੇ ਤਰ੍ਹਾਂ ਰਾਮਸਰੂਪ ਸਿੰਘ ਦੇ ਛੋਟੇ ਪੁੱਤਰ ਕਪਿਲ ਦੀ ਵੀ ਜ਼ਿੰਦਗੀ ਫੁੱਟਪਾਥ ਉੱਤੇ ਲੰਘੀ ਅਤੇ ਸੜਕ ਉੱਤੇ ਹੀ ਮੌਤ ਹੋ ਗਈ, ਪਰ ਪਿੱਛੋਂ ਪਤਾ ਲੱਗਾ ਕਿ ਉਸ ਕੋਲ ਏਨੇ ਪੈਸੇ ਸਨ।

# ਪ੍ਰੇਮਿਕਾ ਦੇ ਕਤਲ ਲਈ ਕੰਟ੍ਰੈਕਟ ਕਿਲਰ ਨੂੰ ਦੋ ਲੱਖ ਦੀ ਸੁਪਾਰੀ ਦਿੱਤੀ




ਨਵੀਂ ਦਿੱਲੀ, 29 ਅਗਸਤ (ਪੋਸਟ ਬਿਊਰੋ)- ਆਦਰਸ਼ ਨਗਰ ਦੇ ਕੇਬਲ ਪਾਰਕ ਇਲਾਕੇ ਵਿਚਲੇ ਦਫ਼ਤਰ ਵਿੱਚ ਇੱਕ ਲੜਕੀ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਕੇਸ ਵਿੱਚ ਪੁਲਸ ਨੇ ਦਫ਼ਤਰ ਦੇ ਮਾਲਕ ਸਮੇਤ ਪੰਜ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਅਨੁਜ, ਜੈਪ੍ਰਕਾਸ਼, ਪੰਕਜ, ਸ਼ਾਮ ਸੁੰਦਰ ਅਤੇ ਉਸਦੇ ਭਰਾ ਸੁਮਿਤ ਵਜੋਂ ਹੋਈ ਹੈ।ਮੁੱਖ ਦੋਸ਼ੀ ਅਨੁਜ ਸੀ ਜਿਸਦਾ ਦਫ਼ਤਰ ਵਿੱਚ ਲੜਕੀ ਨਾਲ ਕਾਫ਼ੀ ਸਮੇਂ ਤੋਂ ਅਫੇਅਰ ਚੱਲਦਾ ਸੀ। ਉਸ ਨੇ ਦੋ ਲੱਖ ਰੁਪਏ ਦੇ ਕੇ ਕੰਟ੍ਰੈਕਟ ਕਿਲਰ ਨਾਲ ਲੜਕੀ ਦੀ ਦਫ਼ਤਰ ਵਿੱਚ ਹੱਤਿਆ ਕਰਵਾ ਦਿੱਤੀ ਅਤੇ ਫਿਰ ਖੁਦ ਵਾਰਦਾਤ ਦੀ ਜਾਣਕਾਰੀ ਦੇ ਕੇ ਪੁਲਸ ਨੂੰ ਭਟਕਾਉਣ ਦੀ ਕੋਸ਼ਿਸ਼ ਕੀਤੀ ਸੀ।ਪੁਲਸ ਨੂੰ ਵਾਰਦ-ਾਤ ਦੇ ਇੱਕ ਫਰਾਰ ਦੋਸ਼ੀ ਦੀ ਤਲਾਸ਼ ਹੈ ਜਿਸ ਦੇ ਠਿਕਾਣਿਆਂ ਉੱਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਵਾਰਦਾਤ ਵਿੱਚ ਸ਼ਾਮਲ ਦੋਸ਼ੀਆਂ ਨੂੰ ਫੜਨ ਦੇ ਲਈ ਪੁਲਸ ਦੀਆਂ ਪੰਜ ਟੀਮਾਂ ਨੂੰ ਜ਼ਿੰਮਾ ਦਿਤਾ ਗਿਆ ਸੀ ਜਿਨ੍ਹਾਂ ਨੇ ਛੇ ਘੰਟੇ ਦੇ ਅੰਦਰ ਵਾਰਦ-ਾਤ ਦਾ ਖੁਲਾਸਾ ਕਰ ਦਿਤਾ।

ਲੜਕੀ ਜੇ ਜੇ ਕਲੋਨੀ ਭਲਸਵਾ ਡੇਅਰੀ ਦੀ ਵਸਨੀਕ ਸੀ ਅਤੇ ਪੰਜ ਸਾਲ ਤੋਂ ਕੰਪਨੀ ਵਿੱਚ ਕੰਮ ਕਰ ਰਹੀ ਸੀ। ਮੌਕੇ ਉੱਤੇ ਮਿਲੇ ਮ੍ਰਿਤਕਾ ਦੇ ਪਰਸ ਤੋਂ ਇੱਕ ਮੰਗਲਸੂਤਰ ਅਤੇ ਗੌਰਵ ਉਰਫ਼ ਅਨੁਜ ਦੀ ਫੋਟੋ ਮਿਲੀ। ਗੌਰਵ ਉਰਫ਼ ਅਨੁਜ ਦਫ਼ਤਰ ਦਾ ਮਾਲਕ ਹੈ। ਐਸ ਐਚ ਓ ਸ਼ੈਲੇਂਦਰ ਸਿੰਘ ਜਾਖੜ ਆਦਿ ਸਮੇਤ ਪੰਜ ਟੀਮਾਂ ਨੂੰ ਦੋਸ਼ੀਆਂ ਨੂੰ ਫੜਨ ਦਾ ਜ਼ਿੰਮਾ ਸੌਂਪਿਆ ਗਿਆ। ਪੁਲਸ ਨੇ ਅਨੁਜ ਤੋਂ ਮ੍ਰਿਤਕਾ ਦੇ ਪਰਸ ਵਿੱਚ ਉਸਦਾ ਫੋਟੋ ਤੇ ਮੰਗਲਸੂਤਰ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਪੁਲਸ ਨੂੰ ਭਟਕਾਉਣ ਦੀ ਕੋਸ਼ਿਸ਼ ਕੀਤੀ। ਸਖਤੀ ਨਾਲ ਪੁੱਛਗਿੱਛ ਉੱਤੇ ਪਤਾ ਲੱਗਿਆ ਕਿ ਮ੍ਰਿਤਕਾ ਨਾਲ ਉਸਦਾ ਅਫੇਅਰ ਸੀ।ਉਹ ਅਨੁਜ 'ਤੇ ਸ਼ਾਦੀ ਕਰਨ ਦਾ ਦਬਾਅ ਬਣਾ ਰਹੀ ਸੀ ਅਤੇ ਉਸ ਨੂੰ ਧਮਕੀ ਦੇ ਰਹੀ ਸੀ ਕਿ ਜੇ ਉਸ ਨੇ ਸ਼ਾਦੀ ਨਾ ਕੀਤੀ ਤਾਂ ਉਹ ਉਸ ਦੇ ਬਾਰੇ ਉਸਦੇ ਪਰਵਾਰ ਸਮੇਤ ਸਾਰਿਆਂ ਨੂੰ ਦੱਸ ਦੇਵੇਗੀ, ਜਿਸ ਦੇ ਬਾਅਦ ਇੱਕ ਹਫ਼ਤਾ ਪਹਿਲਾਂ ਅਨੁਜ ਨੇ ਲੜਕੀ ਨੂੰ ਖਤਮ ਕਰਨ ਦੀ ਯੋਜਨਾ ਬਣਾਈ ਸੀ।

# ਵਿਰੋਧੀ ਮਹਾਗੱਠਜੋੜ ਜਾਂਚ ਏਜੰਸੀਆਂ ਦੇ ਵਿਰੁੱਧ ਇਕਜੁੱਟ ਹੋਇਆ




ਪਟਨਾ, 29 ਅਗਸਤ (ਪੋਸਟ ਬਿਊਰੋ)- ਮਹਾਗੱਠਜੋੜ ਨੇ ਕੱਲ੍ਹ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਸੀ ਬੀ ਆਈ, ਇਨਕਮ ਟੈਕਸ ਵਿਭਾਗ (ਆਈ ਟੀ ਡੀ) ਤਅੇ ਈ ਡੀ ਦੀ ਗਲਤ ਵਰਤੋਂ ਦੇ ਵਿਰੁੱਧ ਜਨਤਾ ਸੜਕਾਂ ਉਤੇ ਉਤਰਨ ਲਈ ਤਿਆਰ ਹੈ। ਬਿਹਾਰ ਵਿੱਚ ਮਹਾਗੱਠਜੋੜ ਦੀ ਸਰਕਾਰ ਬਣਨ ਦੇ ਬਾਅਦ ਭਾਜਪਾ ਦੀ ਨੀਂਦ ਉਡ ਜਾਣ ਕਾਰਨ ਬਿਹਾਰ ਵਿੱਚ ਵੱਡੀ ਗਿਣਤੀ ਵਿੱਚ ਆਰ ਜੇ ਡੀ ਨੇਤਾਵਾਂ ਦੇ ਦਫਤਰਾਂ ਵਿੱਚ ਸੀ ਬੀ ਆਈ ਦੀ ਛਾਪੇਮਾਰੀ ਹੋਈ।

ਪਟਨਾ ਵਿੱਚ ਜਨਤਾ ਦਲ ਯੂ ਦੇ ਸੂਬਾ ਦਫਤਰ ਵਿੱਚ ਮਹਾਗੱਠਜੋੜ ਦੇ ਨੇਤਾਵਾਂ ਨੇ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਇਹ ਗੱਲ ਕਹੀ। ਜਨਤਾ ਦਲ ਯੂ ਦੇ ਸੂਬਾ ਪ੍ਰਧਾਨ ਉਮੇਸ਼ ਸਿੰਘ ਕੁਸ਼ਵਾਹਾ ਨੇ ਕਿਹਾ ਕਿ ਸੀ ਬੀ ਆਈ, ਈ ਡੀ ਅਤੇ ਆਈ ਟੀ ਡੀ ਦੀ ਦੁਰਵਰਤੋਂ ਜਿਸ ਤਰ੍ਹਾਂ ਕੀਤੀ ਜਾ ਰਹੀ ਹੈ, ਉਸ ਨੂੰ ਜਨਤਾ ਸਮਝਦੀ ਹੈ। ਮਹਾਗੱਠਜੋੜ ਦੇ ਨੇਤਾਵਾਂ ਨੇ ਇਕਜੁੱਟ ਹੋ ਕੇ ਭਾਜਪਾ ਦੇ ਖਿਲਾਫ ਬਿਗੁਲ ਵਜਾ ਦਿੱਤਾ ਹੈ।ਰਾਸ਼ਟਰੀ ਜਨਤਾ ਦਲ ਦੇ ਬੁਲਾਰੇ ਮਨੋਜ ਝਾਅ ਨੇ ਕਿਹਾ ਕਿ ਇੱਕ ਸਾਜ਼ਿਸ਼ ਤਹਿਤ ਭਾਜਪਾ ਨੇ ਗੁਰੂਗ੍ਰਾਮ ਦੇ ਇੱਕ ਮਾਲ ਉੱਤੇ ਸੀ ਬੀ ਆਈ ਦੀ ਛਾਪੇਮਾਰੀ ਕਰਾਈ ਅਤੇ ਦੱਸਿਆ ਕਿ ਮਾਲ ਤੇਜਸਵੀ ਯਾਦਵ ਦਾ ਹੈ, ਜਦ ਕਿ ਉਸ ਮਾਲ ਦੇ ਪ੍ਰਮੋਟਰ ਵ੍ਹਾਈਟ ਲੈਂਡ ਨੇ ਕਿਹਾ ਹੈ ਕਿ ਉਕਤ ਮਾਲ ਨਾਲ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦਾ ਕੋਈ ਲੈਣਾ-ਦੇਣਾ ਨਹੀਂ। ਮਹਾਗੱਠਜੋੜ ਰਾਹੀਂ ਬਿਹਾਰ ਸੰਦੇਸ਼ ਦੇ ਰਿਹਾ ਹੈ ਕਿ ਬਾਜ ਆ ਜਾਓ, ਨਹੀਂ ਤਾਂ ਗਾਂਧੀਵਾਦੀ ਸੱਤਿਆਗ੍ਰਹਿ ਕਰਾਂਗੇ। ਜਨਤਾ ਦਲ ਯੂ ਨੇਤਾ ਤੇ ਸਮਾਜ ਭਲਾਈ ਮੰਤਰੀ ਮਦਨ ਸਾਹਨੀ ਨੇ ਕਿਹਾ ਕਿ ਸੀ ਬੀ ਆਈ, ਈ ਡੀ ਅਤੇ ਆਈ ਟੀ ਦਾ ਇਸਤੇਮਾਲ ਜਿਸ ਤਰ੍ਹਾਂ ਨਾਲ ਕੇਂਦਰ ਸਰਕਾਰ ਵੱਲੋਂ ਕੀਤਾ ਜਾ ਰਿਹਾਹੈ, ਉਸ ਕਾਰੇ ਦੀ ਅਸੀਂ ਨਿੰਦਾ ਕਰਦੇ ਹਾਂ। ਚਾਹੇ ਇਨ੍ਹਾਂ ਜਾਂਚ ਏਜੰਸੀਆਂ ਦੀ ਜਿੰਨੀ ਮਰਜ਼ੀ ਵਰਤੋਂ ਕਰ ਲੈਣ, ਅਸੀਂ ਲੋਕ ਪੂਰੀ ਤਰ੍ਹਾਂ ਇਕਜੁੱਟ ਹਾਂ।ਉਨ੍ਹਾਂਮੰਗ ਕੀਤੀ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਸਹਿਯੋਗ ਨਾਲ ਪਾਰਲੀਮੈਂਟ ਮੈਂਬਰ ਬਣ ਕੇ ਕੇਂਦਰ ਵਿੱਚ ਮੰਤਰੀ ਬਣੇ ਬਿਹਾਰ ਦੇ ਨੇਤਾ ਅਸਤੀਫਾ ਦੇਣ ਤੇ ਫਿਰ ਚੋਣ ਮੈਦਾਨ ਵਿੱਚ ਆਉਣ। ਸੀ ਪੀ ਆਈ ਦੇ ਵਿਧਾਇਕ ਅਜੈ ਕੁਮਾਰ ਨੇ ਕਿਹਾ ਕਿ ਕੇਂਦਰੀ ਏਜੰਸੀਆਂ ਦੀ ਗਲਤ ਵਰਤੋਂ ਹੋ ਰਹੀ ਹੈ।



# ਅਮਰੀਕੀ ਜੰਗੀ ਬੇੜੇ ਤਾਈਵਾਨ ਦੇ ਨੇੜਿਓਂ ਹੋ ਕੇ ਲੰਘੇ

## * ਚੀਨ ਦੀ ਸਮੁੰਦਰੀ ਫੌਜ ਨੇ ਤਿੱਖੀ ਨਜ਼ਰ ਰੱਖੀ



ਬੀਜਿੰਗ, 29 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਦੋ ਜੰਗੀ ਬੇੜੇ ਕੱਲ੍ਹ ਅੰਤਰਰਾਸ਼ਟਰੀ ਪਾਣੀਆਂ ਰਾਹੀਂ ਤਾਈਵਾਨ ਦੇ ਨੇੜਿਓਂ ਲੰਘੇ। ਅਮਰੀਕੀ ਨੇਵੀ ਨੇ ਇਸਦੀ ਜਾਣਕਾਰੀ ਦਿੱਤੀ।

ਪਿਛਲੇ ਦਿਨੀਂ ਅਮਰੀਕੀ ਪਾਰਲੀਮੈਂਟ ਦੀ ਸਪਕਰ ਨੈਨਸੀ ਪੈਲੋਸੀ ਦੇ ਤਾਈਵਾਨ ਦੌਰੇ ਤੋਂ ਤਾਇਵਾਨ ਤੇ ਚੀਨ ਦੇ ਦਰਮਿਆਨ ਤਣਾਅ ਵਧਣ ਪਿੱਛੋਂ ਇਹ ਏਦਾਂ ਦਾ ਪਹਿਲਾਂ ਆਪ੍ਰੇਸ਼ਨ ਹੈ। ਪੈਲੋਸੀ ਦੀ ਯਾਤਰਾ ਦੇ ਵਿਰੋਧ ਵਿੱਚ ਚੀਨ ਨੇ ਤਾਈਵਾਨ ਨੂੰ ਘੇਰ ਕੇ ਸਭ ਤੋਂ ਵੱਡੀ ਫੌਜੀ ਐਕਸਰਸਾਈਜ਼ੀ ਕੀਤੀ ਸੀ। ਬੀਤੇ ਸਾਲਾਂ ਵਿੱਚ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀਆਂ ਫੌਜਾਂ ਲਗਾਤਾਰ ਤਾਈਵਾਨ ਜਲਡਮਰੂਮੱਧ ਤੋਂ ਲੰਘੀਆਂ ਹਨ। ਚੀਨ ਨੇ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ 'ਉਕਸਾਉਣ ਵਾਲਾ' ਕਰਾਰ ਦਿੱਤਾ ਹੈ, ਕਿਉਂਕਿ ਉਹ ਤਾਈਵਾਨ ਉੱਤੇ ਆਪਣਾ ਦਾਅਵਾ ਕਰਦਾ ਹੈ। ਚੀਨੀ ਜਲ ਸੈਨਾ ਨੇ ਇਸ ਉੱਤੇ ਤਿੱਖੀ ਨਜ਼ਰ ਰੱਖੀ। ਵਾਸ਼ਿੰਗਟਨ ਨੇ ਕਿਹਾ ਕਿ ਦੋ ਗਾਇਡਿਡ ਮਿਜ਼ਾਈਲਾਂ ਕਰੂਜ਼ਰ, ਯੂ ਐਸ ਐਸ ਐਂਟੀਏਟਮ ਅਤੇ ਯੂ ਐਸ ਐਸ ਚਾਂਸਲਰ ਵਿਲੇ, ਅੰਤਰਰਾਸ਼ਟਰੀ ਜਲ ਵਿੱਚ ਸਮੁੰਦਰੀ ਵਿਗਿਆਨ ਦੀ ਸੁਤੰਤਰਤਾ ਦਾ ਪ੍ਰਦਰਸ਼ਨ ਕਰ ਰਹੇ ਹਨ। ਅਮਰੀਕੀ ਜਲ ਸੈਨਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਤਾਈਵਾਨ ਜਲਡਮਰੂ ਮੱਧ ਤੋਂ ਲੰਘਣਾ ਅਮਰੀਕਾ ਦੀ ਇੱਕ ਸੁਤੰਤਰ ਅਤੇ ਭਾਰਤ-ਪ੍ਰਸ਼ਾਂਤ ਖੇਤਰ ਦੇ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਹੈ।

# ਬੋਸਟਨ ਕੰਸਲਟਿੰਗ ਗਰੁੱਪ ਦੀ ਰਿਪੋਰਟ, ਬ੍ਰਾਂਡ ਨਵੇਂ ਤਰੀਕੇ ਅਪਣਾਅ ਰਹੇ ਨੇ

## *ਛੋਟੇ ਸ਼ਹਿਰਾਂ ਦੀਆਂ ਔਰਤਾਂ ਜ਼ਿਆਦਾ ਆਨਲਾਈਨ ਹੋਈਆਂ



ਨਵੀਂ ਦਿੱਲੀ, 29 ਅਗਸਤ (ਪੋਸਟ ਬਿਊਰੋ)- ਔਰਤਾਂ ਦੀ ਸਮਾਰਟਫੋਨ ਤਕ ਪਹੁੰਚ ਆਸਾਨ ਹੋ ਗਈ ਹੈ, ਇਸ ਲਈ ਬ੍ਰਾਂਡਸ ਟੀਅਰ ਦੋ ਅਤੇ ਤਿੰਨ ਵਾਲੇ ਸ਼ਹਿਰਾਂ ਵਿੱਚ ਔਰਤਾਂ ਨੂੰ ਮਹੱਤਵ ਦੇ ਰਹੇ ਹਨ। ਇਨ੍ਹਾਂ ਬ੍ਰਾਂਡਸ ਦਾ ਮੰਨਣਾ ਹੈ ਕਿ ਇਹ ਅਜਿਹੇ ਖਰੀਦਦਾਰ ਹਨ, ਜਿਨ੍ਹਾਂ ਤਕ ਉਨ੍ਹਾਂ ਦੀ ਪਹੁੰਚ ਨਹੀਂ ਹੋ ਸਕੀ ਹੈ।

ਬੋਸਟਨ ਕੰਸਲਟਿੰਗ ਗਰੁੱਪ ਦੀ ਰਿਪੋਰਟ ਦੇ ਮੁਤਾਬਕ ਭਾਰਤੀ ਔਰਤਾਂ ਇੰਟਰਨੈਟ ਮਾਰਕਿਟ ਪਲੇਸ ਉੱਤੇ ਤੇਜ਼ੀ ਨਾਲ ਆਪਣੀ ਮੌਜੂਦਗੀ ਦਰਜ ਕਰਾ ਰਹੀਆਂ ਹਨ। ਇਸ ਦੇ ਇਲਾਵਾ ਮਹਾਮਾਰੀ ਬੀਤਣ ਦੇ ਬਾਅਦ 43 ਫੀਸਦੀ ਨਵੀਆਂ ਖਰੀਦਦਾਰ ਇਹੀ ਔਰਤਾਂ ਹਨ।ਮਾਹਰਾਂ ਦੇ ਮੁਤਾਬਕ ਟੀਅਰ ਦੋ ਅਤੇ ਟੀਅਰ ਤਿੰਨ ਸ਼ਹਿਰਾਂ ਵਿੱਚ ਇੰਟਰਨੈਟ ਦੀ ਪਹੁੰਚ, ਯਾਤਰਾ ਤੇ ਖੁਸ਼ਹਾਲੀ ਵਰਗੇ ਵੱਖ-ਵੱਖ ਕਾਰਕਾਂ ਦੇ ਕਾਰਨ ਔਰਤਾਂ ਦੀ ਹਾਜ਼ਰੀ ਜ਼ੋਰ ਨਾਲ ਵਧੀ ਹੈ। ਮੈਟਰੋ ਸ਼ਹਿਰਾਂ ਦੀ ਤੁਲਨਾ ਵਿੱਚ ਇਹ ਘੱਟ ਹੈ, ਇਸ ਲਈ ਬ੍ਰਾਂਡਸ ਇੱਥੇ ਜਗ੍ਹਾ ਬਣਾ ਸਕਦੇ ਹਨ। ਬ੍ਰਾਈਟ ਏਂਜਲਸ ਵਿੱਚ ਕੰਸਲਟੈਂਟ ਨਿਸ਼ਾ ਸੰਪਤ ਦੱਸਦੀ ਹੈ, ''ਇਨ੍ਹਾਂ ਸੰਭਾਵੀ ਖਪਤਕਾਰਾਂ ਲਈ ਬ੍ਰਾਂਡ ਨਵੇਂ ਤਰੀਕੇ ਲੱਭਦੇ ਹਨ। ਮਿਸਾਲ ਲਈ ਕਈ ਫੈਸ਼ਨ ਬ੍ਰਾਂਡ ਛੋਟੇ ਸ਼ਹਿਰਾਂ ਵਿੱਚ ਰੋਡ ਸ਼ੋਅ ਵਰਗੇ ਪ੍ਰੋਗਰਾਮ ਕਰਦੇ ਹਨ। ਇਸ ਨਾਲ ਇੱਥੇ ਉਭਰ ਰਹੇ ਖਰੀਦਦਾਰਾਂ ਨੂੰ ਆਕਰਸ਼ਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਐਫ ਐਮ ਸੀ ਜੀ ਬ੍ਰਾਂਡ ਵੀ ਇਸੇ ਰਾਹ ਉੱਤੇ ਚੱਲ ਪਏ ਹਨ।

# ਬਿਨਾਂ ਸੁਣਵਾਈ ਕਿਸੇ ਨੂੰ ਲੰਮਾ ਸਮਾਂ ਜੇਲ੍ਹ ਵਿੱਚ ਰੱਖਣਾ ਠੀਕ ਨਹੀਂ: ਸੁਪਰੀਮ ਕੋਰਟ



ਨਵੀਂ ਦਿੱਲੀ, 29 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਇਸ ਸਥਿਤੀ ਨੂੰ ਕਾਇਮ ਰੱਖਣ ਦੀ ਇਜਾਜ਼ਤ ਨਹੀਂ ਦੇ ਸਕਦੇ, ਜਿਸ ਵਿੱਚ ਕਿਸੇ ਵਿਅਕਤੀ ਨੂੰ ਬਿਨਾਂ ਕਿਸੇ ਸੁਣਵਾਈ ਤੋਂ ਲੰਮਾ ਸਮਾ ਜੇਲ੍ਹ ਰੱਖਿਆ ਜਾਂਦਾ ਹੈ। ਕੋਰਟਨੇ ਪੱਛਮੀ ਬੰਗਾਲ ਵਿੱਚ ਇੱਕ ਅਪਰਾਧਕ ਕੇਸ ਵਿੱਚ ਚਾਰ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਦੋ ਮੁਲਜ਼ਮਾਂ ਨੂੰ ਜਮਾਨਤ ਦਿੰਦੇ ਹੋਏ ਇਹ ਗੱਲ ਜ਼ੋਰ ਦੇ ਕੇਕਹੀ ਹੈ।

ਇਸ ਮੌਕੇ ਸੁਪਰੀਮ ਕੋਰਟ ਨੇ ਕਿਹਾ ਕਿ 2018 ਵਿੱਚ1 ਕਿਲੋਗ੍ਰਾਮ ਪਾਬੰਦੀਸ਼ੁਦਾ 'ਗਾਂਜਾ' ਜ਼ਬਤ ਕੀਤੇ ਜਾਣ ਦੇ ਕੇਸ ਵਿੱਚਸਰਕਾਰੀ ਪੱਖ ਦੇ ਪਹਿਲੇ ਗਵਾਹ ਤੋਂ ਵੀ ਪੁੱਛਗਿੱਛ ਹੋਣੀ ਬਾਕੀ ਹੈ। ਅਦਾਲਤ ਨੇ ਕਿਹਾ ਕਿ ਜੇ ਅਪੀਲਕਰਤਾ ਕੇਸ ਦੀ ਸੁਣਵਾਈ ਵਿੱਚ ਦੇਰੀ ਕਰਦੇ ਹਨ,ਤਾਂ ਹੇਠਲੀ ਅਦਾਲਤ ਨੂੰ ਅਪੀਲਕਰਾਵਾਂ ਨੂੰ ਵਾਪਸ ਜੇਲ੍ਹ ਭੇਜਣ ਦੀ ਆਗਿਆ ਦਿੰਦੀ ਹੈ। ਜਸਟਿਸ ਐਸ ਕੇ ਕੌਲ ਅਤੇ ਜਸਟਿਸ ਪੀ ਐਸ ਨਰਸਿਮ੍ਹਾ ਨੇ ਕਿਹਾ ਕਿ ਇੱਕ ਚਾਰਜਸ਼ੀਟ ਦਾਇਰ ਕੀਤੀ ਗਈ ਅਤੇ ਦੋਸ਼ ਆਇਦ ਕੀਤੇ ਗਏ ਸਨ, ਪਰ ਇਸ ਦੀ ਸੁਣਵਾਈ ਅੱਗੇ ਨਹੀਂ ਵਧੀ। ਇਸ ਹਫ਼ਤੇ ਦੇ ਸ਼ੁਰੂ ਵਿੱਚ ਦਿੱਤੇ ਆਪਣੇ ਹੁਕਮ ਵਿੱਚ ਬੈਂਚ ਨੇ ਕਿਹਾ,''ਅਸੀਂ ਇਹ ਸਥਿਤੀ ਕਾਇਮ ਰੱਖਣ ਦੀ ਖੁੱਲ੍ਹ ਨਹੀਂ ਦੇ ਸਕਦੇ, ਜਿਸ ਵਿੱਚ ਕਿਸੇ ਨੂੰ ਬਿਨਾਂ ਸੁਣਵਾਈ ਦੇ ਲੰਮੇ ਸਮੇਂ ਤਕ ਜੇਲ੍ਹ ਵਿੱਚ ਰੱਖਿਆ ਜਾਵੇ।''ਸੁਪਰੀਮ ਕੋਰਟ ਨੇ ਕਿਹਾ,''ਸਾਡਾ ਵਿਚਾਰ ਹੈ ਕਿ ਕਿਉਂਕਿ ਮੁਲਜ਼ਮ ਕਰੀਬ ਚਾਰ ਸਾਲਾਂ ਤੋਂ ਜੇਲ੍ਹ ਵਿੱਚ ਹਨ ਅਤੇ ਇਸਤਗਾਸਾ ਪੱਖ ਦੇ ਪਹਿਲੇ ਗਵਾਹ ਤੋਂ ਵੀ ਪੁੱਛਗਿੱਛ ਹੋਣੀ ਬਾਕੀ ਹੈ, ਇਸ ਲਈ ਅਪੀਲਕਰਤਾ ਹੇਠਲੀ ਅਦਾਲਤ ਵੱਲੋਂ ਤੈਅ ਨਿਯਮਾਂ ਅਤੇ ਸ਼ਰਤਾਂ ਉੱਤੇ ਜਮਾਨਤ ਦੇ ਹੱਕਦਾਰ ਹਨ।

# ਸਾਬਕਾ ਐਮ ਪੀ ਖਾਨ ਨੇ ਵੀ ਕਾਂਗਰਸ ਪਾਰਟੀ ਛੱਡੀ



ਹੈਦਰਾਬਾਦ, 29 ਅਗਸਤ (ਪੋਸਟ ਬਿਊਰੋ)- ਕਾਂਗਰਸ ਵਿੱਚ ਅਸਤੀਫ਼ਿਆਂ ਦਾ ਸਿਲਸਿਲਾ ਰੁਕ ਨਹੀਂ ਰਿਹਾ। ਚੋਟੀ ਦੇ ਨੇਤਾ ਗੁਲਾਮ ਨਬੀ ਆਜ਼ਾਦ ਦੇ ਅਸਤੀਫੇ ਪਿੱਛੋਂ ਪਾਰਟੀ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ।

ਤੇਲੰਗਾਨਾ ਤੋਂ ਕਾਂਗਰਸ ਨੇਤਾ ਅਤੇ ਰਾਜ ਸਭਾ ਦੇ ਸਾਬਕਾ ਮੈਂਬਰ ਐਮ ਏ ਖਾਨ ਨੇ ਵੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਕਾਂਗਰਸ ਲੀਡਰਸ਼ਿਪ ਅਤੇ ਰਾਹੁਲ ਗਾਂਧੀ ਉੱਤੇ ਕਈ ਦੋਸ਼ ਲਾਏ ਹਨ।ਕਾਂਗਰਸ ਤੋਂ ਦਿੱਤੇ ਅਸਤੀਫ਼ੇ ਦੇ ਪੱਤਰ ਵਿੱਚ ਐਮ ਏ ਖਾਨ ਨੇ ਕਿਹਾ ਕਿ ਸੀਨੀਅਰ ਜੀ-23 ਨੇਤਾਵਾਂ ਨੇ ਕਾਂਗਰਸ ਦੇ ਭਲੇ ਲਈ ਆਵਾਜ਼ ਉਠਾਈ ਸੀ ਪਰ ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਦੇ ਕਦਮ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਜੇ ਪਾਰਟੀ ਨੇ ਉਨ੍ਹਾਂ ਉੱਤੇ ਭਰੋਸਾ ਕੀਤਾ ਹੁੰਦਾ, ਉਨ੍ਹਾਂ ਦੀਆਂ ਗੱਲਾਂ ਨੂੰ ਮਹੱਤਵ ਦਿੱਤਾ ਹੁੰਦਾ ਤੇ ਪਾਰਟੀ ਪ੍ਰਤੀ ਉਨ੍ਹਾਂ ਦੀ ਚਿੰਤਾ ਸਮਝੀ ਹੁੰਦੀ ਤਾਂ ਅੱਜ ਹਾਲਾਤ ਕੁਝ ਹੋਰ ਹੁੰਦੇ। ਉਨ੍ਹਾਂ ਕਿਹਾ ਕਿ ਮੈਂ ਵਿਦਿਆਰਥੀ ਜੀਵਨ ਤੋਂ ਚਾਰ ਦਹਾਕਿਆਂ ਦੇ ਵੱਧ ਸਮੇਂ ਤੋਂ ਪਾਰਟੀ ਨਾਲ ਜੁੜਿਆ ਰਿਹਾ ਹਾਂ।ਖਾਨ ਨੇ ਕਿਹਾ ਕਿ ਸੀਨੀਅਰ ਕਾਂਗਰਸੀ ਆਗੂ ਅਸਤੀਫ਼ੇ ਦੇਣ ਨੂੰ ਮਜ਼ਬੂਰ ਹਨ ਸਿਖਰਲੀ ਲੀਡਰਸ਼ਿਪ ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰਾਂ ਨੂੰ ਮੁੜ ਸਰਗਰਮ ਕਰਨ ਵੱਲ ਧਿਆਨ ਨਹੀਂ ਦੇ ਰਹੀ। ਉਹ ਪੰਡਤ ਨਹਿਰੂ, ਇੰਦਰਾ ਗਾਂਧੀ, ਸੰਜੇ ਗਾਂਧੀ ਅਤੇ ਰਾਜੀਵ ਗਾਂਧੀ ਦੀ ਅਗਵਾਈ, ਵਚਨਬੱਧਤਾ ਅਤੇ ਲਗਨ ਨਾਲ ਦੇਸ਼ ਦੀ ਸੇਵਾ ਕਰਨ ਦੀ ਗੱਲ ਕਰਦੀ ਹੈ ਪਰ ਸੱਚਾਈ ਇਹ ਨਹੀਂ ਹੈ। ਇਹ ਸਭ ਦੇਖ ਕੇ ਮੇਰੇ ਕੋਲ ਪਾਰਟੀ ਛੱਡਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ, ਇਸ ਲਈ ਮੈਂ ਕਾਂਗਰਸ ਦੀ ਮੁੱਢਲੀ ਮੈਂਬਰੀ ਤੋਂ ਅਸਤੀਫ਼ਾ ਦੇ ਰਿਹਾ ਹਾਂ।ਖਾਨ ਨੇ ਕਿਹਾ ਕਿ ਮੈਂ ਕਾਂਗਰਸ ਇਸ ਲਈ ਛੱਡੀ ਹੈ ਕਿ ਰਾਹੁਲ ਗਾਂਧੀ ਵੱਲੋਂ ਕੁਝ ਸਾਲ ਪਹਿਲਾਂ ਪਾਰਟੀ ਪ੍ਰਧਾਨ ਦਾ ਅਹੁਦਾ ਸੰਭਾਲਣ ਨਲਾ ਹਾਲਾਤ ਵਿਗੜਨ ਲੱਗ ਗਏ ਸਨ। ਰਾਹੁਲ ਦੀ ਵੱਖਰੀ ਵਿਚਾਰਧਾਰਾ ਹੈ। ਬਲਾਕ ਪੱਧਰ ਤੋਂ ਬੂਥ ਪੱਧਰ ਤਕ ਉਨ੍ਹਾਂ ਦੇ ਵਿਚਾਰ ਪਾਰਟੀ ਦੇ ਕਿਸੇ ਮੈਂਬਰ ਨਾਲ ਮੇਲ ਨਹੀਂ ਖਾਂਦੇ। ਇਸੇ ਕਾਰਨ ਕਾਂਗਰਸ ਡਿੱਗ ਰਹੀ ਹੈ।

# ਇੱਕ ਥਾਂ ਬੱਚੇ ਜ਼ਮੀਨ ਵਿੱਚ ਨਹੀਂ, ਰੁੱਖਾਂ ਵਿੱਚ ਦਫਨਾਏ ਜਾਂਦੇ ਹਨ !

ਸੁਲਾਵੇਸੀ, 29 ਅਗਸਤ (ਪੋਸਟ ਬਿਊਰੋ)- ਸਭ ਨੂੰ ਇਹ ਪਤਾ ਹੈ ਕਿ ਲੋਕ ਮਰਨ ਪਿੱਛੋਂ ਜ਼ਮੀਨ ਵਿੱਚ ਦਫਨਾਏ ਜਾਂਦੇ ਹਨ, ਪਰ ਇੱਕ ਪਿੰਡ ਅਜਿਹਾ ਹੈ, ਜਿੱਥੇ ਮਰਨ ਪਿੱਛੋਂ ਬੱਚੇ ਰੁੱਖਾਂ ਅੰਦਰ ਦਫ਼ਨਾਉਣ ਦਾ ਰਿਵਾਜ ਹੈ। ਇੰਡੋਨੇਸ਼ੀਆ ਦੇ ਦੱਖਣੀ ਸੁਲਾਵੇਸੀ ਸੂਬੇ ਵਿੱਚ ਅਜਿਹਾ ਪਿੰਡ ਹੈ, ਜਿੱਥੇ ਲੋਕ ਬੱਚਿਆਂ ਨੂੰ ਇੱਕ ਵੱਡੇ ਰੁੱਖ ਅੰਦਰ ਦਫ਼ਨਾ ਦਿੰਦੇ ਹਨ।ਤਾਨਾ ਤੋਰਾਜਾ ਦੇ ਨਾਮ ਨਾਲ ਮਸ਼ਹੂਰ ਇਸ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਅਜਿਹਾ ਕਰਨ ਨਾਲ ਕੁਦਰਤ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਵਿੱਚ ਸਮਾਅ ਲੈਂਦੀ ਹੈ ਅਤੇ ਬੱਚੇ ਫਿਰ ਕੁਦਰਤ ਦਾ ਹਿੱਸਾ ਬਣ ਜਾਂਦੇ ਹਨ। ਇਸ ਪ੍ਰਕਿਰਿਆ ਵਿੱਚ ਦਰਖ਼ਤ ਦੇ ਤਣੇ ਵਿੱਚ ਵੱਡਾ ਟੋਆ ਬਣਾਉਣ ਪਿੱਛੋਂ ਬੱਚੇ ਨੂੰ ਕੱਪੜੇ ਵਿੱਚ ਲਪੇਟ ਕੇ ਅੰਦਰ ਰੱਖ ਦਿੰਦੇ ਹਨ। ਇਸ ਤੋਂ ਬਾਅਦ ਟੋਏ ਨੂੰ ਪਾਮ ਦਰੱਖਤ ਦੇ ਪੱਤਿਆਂ ਨਾਲ ਦੀ ਛੱਪਰੀ ਨਾਲ ਢੱਕ ਦਿੱਤਾ ਜਾਂਦਾ ਹੈ। ਕੁਝ ਦਿਨਾਂ ਵਿੱਚ ਦਰੱਖਤ ਆਪਣੀ ਪੁਰਾਣੀ ਸ਼ਕਲ ਵਿੱਚ ਵਾਪਸ ਆ ਜਾਂਦਾ ਹੈ ਅਤੇ ਇਸ ਦੇ ਨਾਲ ਮੰਨਿਆ ਜਾਂਦਾ ਹੈ ਕਿ ਬੱਚਾ ਮਿਲ ਚੁੱਕਾ ਹੈ। ਪਿੰਡ ਵਾਸੀਆਂ ਦਾ ਮੰਨਣਾ ਹੈ ਕਿ ਬੱਚੇ ਦੀ ਆਤਮਾਹਵਾ ਆਪਣੇ ਨਾਲ ਲੈ ਜਾਂਦੀ ਹੈ ਪਰ ਇਸ ਦਰੱਖਤ ਵਿੱਚ ਸਿਰਫ਼ ਉਹੀ ਬੱਚੇ ਦਫਨਾਏ ਜਾਂਦੇ ਹਨ, ਜਿਨ੍ਹਾਂ ਦੀ ਮੌਤ ਦੰਦ ਨਿਕਲਣ ਤੋਂ ਪਹਿਲਾਂ ਹੀ ਹੋ ਜਾਂਦੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕਃ +1(647) 274-3207 Whatsapp: +91 97794 39200"

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਸਾਰੀਆਂ ਸੱਮਸਿਆਵਾਂ ਦੇ ਇਲਾਜ ਲਈ
AWARD WINNER RAJNI SHARMA
• ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਜ ਕੀਤਾ ਜਾਂਦਾ ਹੈ
• ਧਰਨ ਚੁਕ ਅਤੇ ਬੈਕ ਪਰਾਬਲਮ
• ਝਟਕਾ ਪੇਨ ਅਤੇ ਸ਼ੁੱਗਰ ਦੀ ਪਰਾਬਲਮ
• ਮੈਂਟਲ ਹੈਲਥ ਪਰਾਬਲਮ
• ਸਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
RAJNI SHARMA - CALL 647-409-0731
Near Ebenezer & Gore: 45 Carand Crescent, Brampton ON L6P 1H3

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017